ਸਾਂਝੀ ਸੋਚ ਅਖ਼ਬਾਰ ਅਤੇ ਟੀ.ਵੀ ਨਾਲ ਜੁੜਨ ਲਈ ਸੰਪਰਕ ਕਰੋ
ਅੰਮ੍ਰਿਤਸਰ +91 81463 20009
ਪਟਿਆਲਾ +91 79735 07533

ਸਾਂਝੀ ਸੋਚ
SANJHI SOCH
ਸਾਂਝੀ ਸੋਚ
ਰੋਜ਼ਾਨਾ ਪੰਜਾਬੀ ਅਖ਼ਬਾਰ
ਪੰਜਾਬੀਅਤ ਦੀ ਸੋਚ 'ਤੇ ਪਹਿਰਾ

DOWNLOAD THE APP
NOW AVAILABLE ON
24x7
LIVE STREAMING
ਸਾਂਝੀ ਸੋਚ ਟੀ ਵੀ Mobile App 'ਤੇ ਵੀ ਉਪਲਬਧ

VOL-13 ISSUE 2494 | 13 June, 2026 Saturday | www.sanjhisoch.com | ਕੈਲੀਫੋਰਨੀਆ ★ ਪੰਜਾਬ ★ ਹਿਮਾਚਲ ★ ਹਰਿਆਣਾ ★ ਦੇਸ ਦੁਨੀਆਂ | +1 (209) 303-1260

Jaspreet Singh
Attorney-At-Law
Loan Modification
Bankruptcy, Immigration, Political Asylum, Deportation, Defense, Citizenship, L-1, H-1, Family Law, Divorce
Fremont:
44790 S, GRIMMER BLVD #204, FREMONT, CA 94538
Phone: 510-657-6444, Fax: 510-657-6443
Fresno:
4491 W, Shaw Ave. Suit No. 3008 (Near Costco), Fresno, CA 93722
Phone: 599-271-5511

# ਐਲਨ ਮਸਕ ਬਣੇ ਪਹਿਲੇ ਖਰਬਪਤੀ

ਵਾਸ਼ਿੰਗਟਨ
ਸਾਂਝੀ ਸੋਚ ਬਿਊਰੋ

ਅਮਰੀਕੀ ਦਿੱਗਜ ਕਾਰੋਬਾਰੀ ਐਲੋਨ ਮਸਕ ਨੇ ਇੱਕ ਅਜਿਹਾ ਰਿਕਾਰਡ ਕਾਇਮ ਕੀਤਾ ਹੈ ਜਿਸਦੀ ਦੁਨੀਆ ਦਾ ਕੋਈ ਹੋਰ ਅਮੀਰ ਵਿਅਕਤੀ ਕਲਪਨਾ ਵੀ ਨਹੀਂ ਕਰ ਸਕਦਾ ਸੀ। ਮਸਕ ਅਧਿਕਾਰਤ ਤੌਰ 'ਤੇ ਦੁਨੀਆ ਦਾ ਪਹਿਲਾ ਖਰਬਪਤੀ ਬਣ ਗਿਆ ਹੈ। ਬੀਤੇ ਦਿਨ ਮਸਕ ਦੀ ਰਾਕੇਟ ਅਤੇ ਏਆਈ ਕੰਪਨੀ, ਸਪੇਸਐਕਸ ਨੇ ਆਪਣੇ ਆਈਪੀਓ ਰਾਹੀਂ ਬਾਜ਼ਾਰ ਤੋਂ ਰਿਕਾਰਡ $75 ਬਿਲੀਅਨ ਇਕੱਠੇ ਕੀਤੇ ਅਤੇ ਮਸਕ ਦੀ ਕਿਸਮਤ ਨੂੰ ਵੱਡਾ ਹੁਲਾਰਾ ਦਿੱਤਾ। ਜਦੋਂ ਕੰਪਨੀ ਦੇ ਸ਼ੇਅਰ ਸ਼ੁੱਕਰਵਾਰ ਨੂੰ ਵਪਾਰ ਸ਼ੁਰੂ ਕਰਨਗੇ ਤਾਂ ਫੋਰਬਸ ਅਤੇ ਰਾਇਟਰਜ਼ ਦੁਆਰਾ ਗਣਨਾਵਾਂ ਅਨੁਸਾਰ, ਮਸਕ ਦੀ ਕੁੱਲ ਜਾਇਦਾਦ $1.1 ਟ੍ਰਿਲੀਅਨ ($1,100 ਬਿਲੀਅਨ ਤੋਂ ਵੱਧ) ਨੂੰ ਪਾਰ ਕਰ ਜਾਵੇਗੀ।

ਤੁਸੀਂ ਐਲੋਨ ਮਸਕ ਦੇ ਦਬਦਬੇ ਦਾ ਅੰਦਾਜ਼ਾ ਇਸ ਤੱਥ ਤੋਂ ਲਗਾ ਸਕਦੇ ਹੋ ਕਿ ਦੁਨੀਆ ਦਾ ਦੂਜਾ ਸਭ ਤੋਂ ਅਮੀਰ ਵਿਅਕਤੀ ਵੀ ਉਸਦੇ ਨੇੜੇ-ਤੇੜੇ ਨਹੀਂ ਆਉਂਦਾ। ਫੋਰਬਸ ਵੈਲਥ ਦੇ ਡਿਪਟੀ ਐਡੀਟਰ ਮੈਟ ਡੁਰੋਟ ਅਨੁਸਾਰ, ਦੁਨੀਆ ਦੇ ਦੂਜੇ ਸਭ ਤੋਂ ਅਮੀਰ ਵਿਅਕਤੀ (ਐਲਫਾਬੈੱਟ ਦੇ ਸਹਿ-ਸੰਸਥਾਪਕ ਲੈਰੀ ਪੇਜ) ਦੀ ਕੁੱਲ ਜਾਇਦਾਦ ਲਗਭਗ $300 ਬਿਲੀਅਨ ਹੈ, ਜੋ ਕਿ ਮਸਕ ਦੀ ਕੁੱਲ ਦੌਲਤ ਦੇ ਇੱਕ ਤਿਹਾਈ ਤੋਂ ਵੀ ਘੱਟ ਹੈ।




ਮਸਕ ਤੋਂ ਇਲਾਵਾ, ਇਤਿਹਾਸ ਵਿੱਚ ਇੱਕੋ ਇੱਕ ਹੋਰ ਵਿਅਕਤੀ ਜਿਸਦੀ ਦੌਲਤ ਕਦੇ $400 ਬਿਲੀਅਨ ਨੂੰ ਛੂਹ ਗਈ ਹੈ ਉਹ ਓਰੇਕਲ ਦੇ ਸੰਸਥਾਪਕ ਲੈਰੀ ਐਲੀਸਨ ਹਨ।

ਮਸਕ ਦੀ ਮੁਨਾਫ਼ੇ ਵਾਲੀ ਕਮਾਈ ਦਾ ਸਭ ਤੋਂ ਵੱਡਾ ਸਰੋਤ ਸਪੇਸਐਕਸ ਰਿਹਾ ਹੈ, ਜਿੱਥੇ ਉਸਦੀ ਹਿੱਸੇਦਾਰੀ ਦੀ ਕੀਮਤ ਲਗਭਗ $866 ਬਿਲੀਅਨ (ਲਗਭਗ 72 ਲੱਖ ਕਰੋੜ ਰੁਪਏ) ਹੈ। ਇਸ ਤੋਂ ਇਲਾਵਾ, ਇਲੈਕਟ੍ਰਿਕ ਕਾਰ ਕੰਪਨੀ ਟੇਸਲਾ ਅਤੇ ਉਸਦੇ ਹੋਰ ਕਾਰੋਬਾਰ ਇਸ ਸਾਮਰਾਜ ਨੂੰ ਹੋਰ ਮਜ਼ਬੂਤ ਕਰਦੇ ਹਨ।


# ਕੈਨੇਡਾ 'ਚ ਭਾਰਤੀਆਂ ਲਈ ਨਵੀਂ ਐਡਵਾਈਜ਼ਰੀ ਜਾਰੀ ਸਖਤੀ ਨਾਲ ਪਾਲਣ ਕਰਨ ਦੇ ਹੁਕਮ

ਓਟਵਾ
ਸਾਂਝੀ ਸੋਚ ਬਿਊਰੋ

ਕੈਨੇਡਾ ਵਿੱਚ ਭਾਰਤੀ ਨਾਗਰਿਕਾਂ, ਖਾਸ ਕਰਕੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਡੁੱਬਣ ਦੀਆਂ ਘਟਨਾਵਾਂ ਵਧ ਰਹੀਆਂ ਹਨ। ਇਨ੍ਹਾਂ ਘਟਨਾਵਾਂ ਦੇ ਜਵਾਬ ਵਿੱਚ, ਭਾਰਤ ਸਰਕਾਰ ਨੇ ਇੱਕ ਮਹੱਤਵਪੂਰਨ ਕਦਮ ਚੁੱਕਿਆ ਹੈ। ਟੋਰਾਂਟੋ ਵਿੱਚ ਭਾਰਤ ਦੇ ਕੌਂਸਲੇਟ ਜਨਰਲ ਨੇ ਇੱਕ ਸੁਰੱਖਿਆ ਸਲਾਹ ਜਾਰੀ ਕੀਤੀ ਹੈ।ਦੂਤਾਵਾਸ ਨੇ ਸਾਰੇ ਨਾਗਰਿਕਾਂ ਨੂੰ ਪਾਣੀ ਭਰੇ ਇਲਾਕਿਆਂ ਵਿੱਚ ਬਹੁਤ ਜ਼ਿਆਦਾ ਸਾਵਧਾਨੀ ਵਰਤਣ ਦੀ ਸਲਾਹ ਦਿੱਤੀ ਹੈ। ਦੂਤਾਵਾਸ ਨੇ ਜਨਤਕ ਹਿੱਤ ਵਿੱਚ ਇਹ ਸੁਰੱਖਿਆ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਹਨ। ਦੂਤਾਵਾਸ ਨੇ ਪਾਣੀ ਨਾਲ ਸਬੰਧਤ ਹਾਦਸਿਆਂ ਵਿੱਚ ਭਾਰਤੀ ਭਾਈਚਾਰੇ ਦੇ ਜਾਨੀ ਨੁਕਸਾਨ 'ਤੇ ਡੂੰਘੀ ਚਿੰਤਾ ਪ੍ਰਗਟ ਕੀਤੀ ਹੈ। ਇਸ ਸਲਾਹ ਵਿੱਚ ਭਾਰਤੀ ਨਾਗਰਿਕਾਂ, ਖਾਸ ਕਰਕੇ ਉੱਥੇ ਪੜ੍ਹ ਰਹੇ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਝੀਲਾਂ, ਨਦੀਆਂ, ਬੀਚਾਂ ਅਤੇ ਹੋਰ ਜਲ ਸਰੋਤਾਂ ਦੇ ਸੰਪਰਕ ਤੋਂ ਬਚਣ ਦੀ ਅਪੀਲ ਕੀਤੀ ਗਈ ਹੈ।ਦੂਤਾਵਾਸ ਨੇ ਭਾਰਤੀ ਨਾਗਰਿਕਾਂ ਨੂੰ ਕੈਨੇਡਾ ਵਿੱਚ ਸਥਾਨਕ ਪ੍ਰਸ਼ਾਸਨ ਅਤੇ ਅਧਿਕਾਰੀਆਂ ਦੁਆਰਾ ਜਾਰੀ ਕੀਤੇ ਗਏ ਸਾਰੇ ਸੁਰੱਖਿਆ ਦਿਸ਼ਾ-ਨਿਰਦੇਸ਼ਾਂ ਦੀ ਸਖ਼ਤੀ ਨਾਲ ਪਾਲਣਾ ਕਰਨ ਦੀ ਸਲਾਹ ਦਿੱਤੀ ਹੈ। ਇਹ ਸਲਾਹ ਸੁਰੱਖਿਆ ਕਾਰਨਾਂ ਕਰਕੇ ਲਾਈਫ ਜੈਕਟਾਂ ਪਹਿਨਣ ਦੀ ਮਹੱਤਤਾ 'ਤੇ ਵੀ ਜ਼ੋਰ ਦਿੰਦੀ ਹੈ। ਦੂਤਾਵਾਸ ਨਾਗਰਿਕਾਂ ਨੂੰ ਅਪੀਲ ਕਰਦਾ ਹੈ ਕਿ ਜਿੱਥੇ ਵੀ ਜ਼ਰੂਰੀ ਹੋਵੇ ਜਾਂ ਸਥਾਨਕ ਅਧਿਕਾਰੀਆਂ ਦੁਆਰਾ ਸਿਫਾਰਸ਼ ਕੀਤੀ ਜਾਵੇ, ਲਾਈਫ ਜੈਕਟਾਂ ਦੀ ਵਰਤੋਂ ਕਰਨ।ਇਸ ਤੋਂ ਇਲਾਵਾ ਟੋਰਾਂਟੋ ਵਿਚ ਸਥਿਤ ਭਾਰਤ ਦੇ ਕੌਂਸੁਲੇਟ ਜਨਰਲ ਨੇ ਕੈਨੇਡਾ ਵਿੱਚ ਰਹਿ ਰਹੇ ਭਾਰਤੀ ਨਾਗਰਿਕਾਂ ਨੂੰ ਵਧ ਰਹੀਆਂ ਸਪੂਫ਼ਿੰਗ ਅਤੇ ਠੱਗੀ ਕਾਲਾਂ ਤੋਂ ਸਾਵਧਾਨ ਰਹਿਣ ਦੀ ਸਖ਼ਤ ਸਲਾਹ ਜਾਰੀ ਕੀਤੀ ਹੈ।ਕੌਂਸੁਲੇਟ ਵੱਲੋਂ ਜਾਰੀ ਤਾਜ਼ਾ ਸਲਾਹਕਾਰ ਨੋਟ ਵਿੱਚ ਕਿਹਾ ਗਿਆ ਹੈ ਕਿ ਕੁਝ ਵਿਅਕਤੀਆਂ ਨੂੰ ਵੀਜ਼ਾ, ਸਥਾਈ ਨਿਵਾਸ (ਫ਼), ਇਮੀਗ੍ਰੇਸ਼ਨ ਸਥਿਤੀ ਅਤੇ ਨੌਕਰੀਆਂ ਨਾਲ ਸੰਬੰਧਿਤ ਧੋਖਾਧੜੀ ਵਾਲੀਆਂ ਕਾਲਾਂ ਪ੍ਰਾਪਤ ਹੋ ਰਹੀਆਂ ਹਨ।ਕੌਂਸੁਲੇਟ ਨੇ ਸਪਸ਼ਟ ਕੀਤਾ ਹੈ ਕਿ ਠੱਗ ਕਾਲ ਕਰਨ ਵਾਲੇ ਆਪਣੇ ਆਪ ਨੂੰ ਟੋਰਾਂਟੋ ਸਥਿਤ ਭਾਰਤੀ ਕੌਂਸੁਲੇਟ ਦੇ ਅਧਿਕਾਰੀ ਵਜੋਂ ਪੇਸ਼ ਕਰਦੇ ਹਨ, ਪਰ ਅਜਿਹੀਆਂ ਕਾਲਾਂ ਦਾ ਕੌਂਸੁਲੇਟ ਨਾਲ ਕੋਈ ਸਬੰਧ ਨਹੀਂ ਹੈ। ਅਧਿਕਾਰੀਆਂ ਨੇ ਨਾਗਰਿਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਅਜਿਹੀਆਂ ਸ਼ੱਕੀ ਕਾਲਾਂ ਦਾ ਜਵਾਬ ਨਾ ਦੇਣ ਅਤੇ ਕਿਸੇ ਵੀ ਹਾਲਤ ਵਿੱਚ ਆਪਣੀ ਨਿੱਜੀ ਜਾਂ ਵਿੱਤੀ ਜਾਣਕਾਰੀ ਸਾਂਝੀ ਨਾ ਕਰਨ।


Consulate General of India
Toronto
Safety Advisory
The Consulate has been receiving increased number of drowning cases of Indian nationals in Canada. Indian nationals, particularly Indian international students, are advised to exercise extreme precaution while visiting lakes/rivers/beaches or other water bodies. It is advised to follow all safety instructions, avoid entering unfamiliar/unsafe waters and wear life jackets where required/recommended.
Issued in public interest.
Dated: June 10th 2026

Law Offices of
Ashwani K.Bhakhri
1299 Bayshore Hwy Suite 208
Burlingame, CA 94010
ਸੜਕ ਹਾਦਸਾ ਹੋਣ ਜਾਂ ਕਿਸੇ ਟਰੱਕ ਨਾਲ ਹਾਦਸਾ ਹੋਣ ਜਾਂ ਕੰਮ ਦੌਰਾਨ ਸੱਟ ਲੱਗਣ 'ਤੇ ਵਰਕਰ ਮੁਆਵਜ਼ਾ ਲੈਣ ਲਈ ਵਕੀਲ ਦੀ ਲੋੜ ਹੋਵੇ ਤਾਂ ਸਾਡੇ ਨਾਲ ਸੰਪਰਕ ਕਰੋ
ਤੁਸੀਂ ਆਪਣੇ ਇਮੀਗ੍ਰੇਸ਼ਨ ਦੇ ਕੇਸਾਂ ਬਾਰੇ ਵੀ ਸਾਡੇ ਤੋਂ ਸੇਵਾਵਾਂ ਲੈ ਸਕਦੇ ਹੋ
(650) 685-6334
(916) 379-9700
(209) 666-4220
Ashwani Kumar Bhakhri
Attorney at Law
www.bhakhrilawfirm.us
bhakhrilawfirm@gmail.com



RE/MAX EXECUTIVE
ਨਵਾਂ ਜਾਂ ਪੁਰਾਣਾ ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ।
Kirandeep Kaur
Realtor ®
CalDRE # 02115235
ਤੁਸੀਂ ਸਾਡੇ ਨਾਲ ਹਿੰਦੀ ਅਤੇ ਪੰਜਾਬੀ ਭਾਸ਼ਾ 'ਚ ਵੀ ਗੱਲ ਕਰ ਸਕਦੇ ਹੋ।
Contact : Cell (209) 550-1704
220 - A Standiford Ave, Modesto, CA 95350, kkaur@mycvre.com
EACH OFFICE IS INDEPENDENTLY OWNED AND OPERATED

LAMBA VIDEO
★ Weddings ★ Birthdays ★ Photo Shoots
HD Quality Wedding Videos
Pre Wedding Shoots
Packages fit to your budget
Contact: Barjesh 209-541-0641
Email: lambavideoproduction@yahoo.com

Space availabe for Ad
Contact #
+1 (209) 303-1260

Space availabe for Ad
Contact #
+1 (209) 303-1260

THE JRP GROUP
A Tradition of Real Estate Excellence
SERVING CALIFORNIA FOR RESIDENTIAL REAL ESTATE NEEDS
ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ
Simranveer Singh
Realtor
The JRP Group
Ph: (414) 551-0530
DRE #02114137

Pal Films Production
All Your Photo/Videography & Post Production needs Under One Roof
Music Video | Pre Shoots | Weddings | Birthdays
Graduations | Stage Shows Or Any Kind Of Events
Customize Photobooks (upto 6 feet)
Video Editing VFX/DI/CC & Much More....
Full Photo & Videography studio with Green Screen/Blue Screen
(925) 489-3400, (341) 356-1517
palfilms925@gmail.com
www.thepalfilms.com

# JRP REALTY GROUP

A TRADITION OF REAL ESTATE EXCELLENCE

## SERVING CALIFORNIA FOR COMMERCIAL REAL ESTATE NEEDS

Specializing in all Types of Commercial Proprtries

**Gas Stations, Apartments, Commercial Buildings, Liquor stores and Land**

CALL TODAY TO BUY/SELL YOUR REAL ESTATE/ BUSINESS



**Jaswant S.Pannu**
Office: 209-900-1994
Cell: 408-340-0157
jaswantpannu@yahoo.com



**Raman Singh**
Cell: 209-605-6500
Office: 209-213-5811
BRE #10889002

We provide the best in class evaluation for your real estate/business to maximize the profits for you

We do commercial loans for businesses, gas stations, lands and commercial properties

For more properties or business, contact us.






**LOVEPREET KAUR**
NMLS #1473924
Office: 209-900-1994
209-497-4588
lkaur@lendingassets.com

24 ਘੰਟਿਆਂ 'ਚ Pre-Approvals ਪ੍ਰਾਪਤ ਕਰੋ

# LENDINGASSETS

Elevating Your Mortgage Experience

## Home Loan ਘਰਾਂ ਦੇ ਲੋਨ

- ★ Minimun credit score 580
- ★ Short sales/Foreclosures/Bankruptcy No problem
- ★ FHA, conventional and ARM loans
- ★ Hard Money Loans
- ★ Second Mortgage
- ★ High Balance and Jumbo loans
- ★ "Second Mortgage" with Equity line of Credit
- ★ Refinance
- ★ Refinance/Cash out ਵੀ ਕਰਦੇ ਹਾਂ ਜੇਕਰ ਤੁਹਾਨੂੰ ਪੈਸੇ ਦੀ ਜਰੂਰਤ ਹੈ


EQUAL HOUSING OPPORTUNITY

★ ਸਾਡੇ ਕੋਲ ਹਰ ਤਰ੍ਹਾਂ ਦੇ ਲੋਨ ਪ੍ਰੋਡਕਟ ਹਨ, ਜੋ ਕਿ ਤੁਹਾਨੂੰ ਘਰ ਲੈਣ ਵਿਚ ਮਦਦ ਕਰਦੇ ਹਨ

★ ਅਸੀਂ Homes, Condos, Duplexes, Triplexes ਅਤੇ Fourplexes 'ਤੇ ਲੋਨ ਦਿੰਦੇ ਹਾਂ

ਪ੍ਰੀ ਅਪਰੂਵਲ ਜਾਂ ਰੀ-ਫਾਈਨਾਂਸ ਲਈ ਅੱਜ ਹੀ ਕਾਲ ਕਰੋ

**Refinance @2.75% APR or lower**



**Apply online at www.lendingassets.com and check out the live lowest rates on our website**




# NAV INDIAN MERCHANDISE GROCERY STORE

## 3230 MITCHELL ROAD, STE, C, CERES, CA 95307





ਇੱਥੇ ਪੱਗਾਂ, ਜਵੈਲਰੀ, ਧਾਰਮਿਕ ਫੋਟੋਆਂ, ਰੁਮਾਲਾ ਸਾਹਿਬ, ਪੂਜਾ ਦੀ ਸਮੱਗਰੀ, ਦਾਲਾਂ, ਨਮਕੀਨ, ਇੰਡੀਅਨ ਮੇਡ ਸਪੈਸ਼ਲ ਬਿਸਕੁਟ, ਤਾਜ਼ੀਆਂ ਸਬਜ਼ੀਆਂ, ਫਰੋਜ਼ਨ ਸਬਜ਼ੀਆਂ ਤੇ ਨਾਲ ਹੀ ਖਰੀਦਦਾਰੀ ਕਰ ਸਕਦੇ ਹੋ ਇੰਡੀਅਨ, ਪਾਕਿਸਤਾਨੀ ਤੇ ਫਰੋਜ਼ਨ ਗਰੋਸਰੀ ਦੀ।

ਤਿਓਹਾਰਾਂ ਵਿੱਚ ਆਪਣੇ ਘਰ ਨੂੰ ਬਿਹਤਰੀਨ ਬਨਾਉਣ ਲਈ ਖਰੀਦ ਸਕਦੇ ਹੋ ਸਜਾਵਟ ਦਾ ਸਮਾਨ

**ਇੱਕ ਵਾਰ Visit ਜ਼ਰੂਰ ਕਰੋ।**





Ria MONEY TRANSFER

**INDIA**
**ਪੈਸੇ ਭੇਜਣ ਲਈ**
**RIA MONEY TRANSFER ਦੀਆਂ ਸੇਵਾਵਾਂ ਤੁਸੀਂ ਸਾਡੇ ਸਟੋਰ ਤੋਂ ਲੈ ਸਕਦੇ ਹੋ**





**Contact Number**

# +1 (209) 537-5702

ਸਾਂਝੀ ਸੋਚ
SANJHI SOCH

www.sanjhisoch.com
PATTRON: HARJIT BASI
MANAGEMENT



PRESIDENT & CHIEF EDITOR
BOOTA SINGH BASI

SUB EDITOR (CHICAGO, IL OFFICE)
LOVJYOT VIRDI

GENERAL MANAGER
RAVINDER SINGH DHILLON

RESIDENT EDITOR (INDIA)
DR. RAJINDER RIKHI

DISCLAIMER
ਸਾਂਝੀ ਸੋਚ ਵਿਚ ਛਪੇ ਕਿਸੇ ਵੀ ਇਸ਼ਤਿਹਾਰ ਵਿਚ ਕੀਤੇ ਦਾਅਵਿਆਂ ਬਾਰੇ ਸਾਂਝੀ ਸੋਚ ਦੀ ਮੈਨੇਜਮੈਂਟ ਅਤੇ ਸੰਪਾਦਕਾਂ ਦੀ ਕੋਈ ਜ਼ਿੰਮੇਵਾਰੀ ਨਹੀਂ ਹੈ। ਇਸ਼ਤਿਹਾਰਾਂ ਵਾਲੀਆਂ ਕੰਪਨੀਆਂ ਨਾਲ ਲੈਣ-ਦੇਣ ਵਾਲੇ ਵਿਅਕਤੀ ਖੁਦ ਜ਼ਿੰਮੇਵਾਰ ਹੋਣਗੇ। ਸਾਂਝੀ ਸੋਚ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਸਾਂਝੀ ਸੋਚ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

DISPUTES ARE SUBJECT TO SUPERIOR COURTS OF STANISLAUS COUNTY OF CALIFORNIA, USA

SANJHI SOCH
DAILY NEWSPAPER
2601 Oakdale Road,
Suite H2-167 Modesto,
CA 95355 USA
Cell: (209) 303-1260
Email: info@sanjhisoch.com
Visit at: www.sanjhisoch.com

# ਭਾਰਤ ਦਾ ਪਿਕਾਸੋ: ਐਮ.ਐਫ.ਹੁਸੈਨ



ਭਾਰਤ ਦੀ ਚਿੱਤਰਕਲਾ ਦੇ ਇਤਿਹਾਸ ਵਿੱਚ 9 ਜੂਨ ਦਾ ਦਿਨ ਕਲਾ ਦੇ ਇਕ ਚਿਤੇਰੇ ਦੀ ਮੌਤ ਵਜੋਂ ਦਰਜ ਹੈ। ਅਸਲ ਵਿੱਚ ਭਾਰਤ ਵਿੱਚ ਆਧੁਨਿਕ ਚਿੱਤਰਕਲਾ ਦੇ ਪਰਿਆਇ ਵਜੋਂ ਜਾਣੇ ਜਾਂਦੇ ਐਮ ਐਫ ਹੁਸੈਨ ਨੇ 9 ਜੂਨ 2011 ਦੇ ਦਿਨ ਲੰਡਨ ਦੇ ਰਾਇਲ ਬ੍ਰਾਂਪਟਨ ਹਸਪਤਾਲ ਵਿਖੇ ਦੁਨੀਆਂ ਨੂੰ ਅਲਵਿਦਾ ਕਹੀ ਸੀ।

"ਭਾਰਤ ਦੇ ਪਿਕਾਸੋ" ਵਜੋਂ ਜਾਣੇ ਜਾਂਦੇ ਐਮ ਐਫ ਹੁਸੈਨ, ਜਿਸਦਾ ਪੂਰਾ ਨਾਂ ਮਕਬੂਲ ਫ਼ਿਦਾ ਹੁਸੈਨ ਸੀ, ਦਾ ਜਨਮ 17 ਸਤੰਬਰ 1915 ਨੂੰ ਮਹਾਰਾਸ਼ਟਰ ਦੇ ਇੱਕ ਛੋਟੇ ਜਿਹੇ ਕਸਬੇ ਪੰਡਰਪੁਰ ਵਿਖੇ ਹੋਇਆ। ਇਸ ਛੋਟੇ ਕਸਬੇ ਵਿੱਚ ਰਹਿ ਕੇ ਆਪਣੇ ਸੁਪਨਿਆਂ ਨੂੰ ਜਿਉਂਦਾ ਰੱਖਣਾ ਬੜਾ ਔਖਾ ਸੀ। ਅਜੇ ਉਹ ਦੋ ਸਾਲਾਂ ਦਾ ਹੀ ਸੀ ਕਿ ਉਸ ਦੀ ਮਾਂ ਦੀ ਮੌਤ ਹੋ ਗਈ। ਮਾਂ ਦੀ ਮੌਤ ਪਿੱਛੋਂ ਵੀ ਹੁਸੈਨ ਦੇ ਜੀਵਨ ਵਿਚ ਸੰਘਰਸ਼ ਦਾ ਦੌਰ ਜਾਰੀ ਰਿਹਾ। ਮਹਾਂਰਾਸ਼ਟਰ ਛੱਡ ਕੇ ਇੰਦੌਰ ਵਿੱਚ ਸ਼ਿਫਟ ਹੋਣ ਪਿੱਛੋਂ ਹੁਸੈਨ ਨੇ ਇਥੇ ਆਪਣੀ ਪੜ੍ਹਾਈ ਪੂਰੀ ਕੀਤੀ ਅਤੇ ਫਿਰ ਅਗਲੇਰੀ ਪੜ੍ਹਾਈ ਲਈ ਦੁਬਾਰਾ ਮੁੰਬਈ ਚਲਾ ਗਿਆ। 1935 ਵਿੱਚ ਉਸ ਨੇ ਸਰ ਜੇ.ਜੇ.ਸਕੂਲ ਆਫ ਆਰਟ ਮੁੰਬਈ ਵਿੱਚ ਦਾਖਲਾ ਲੈ ਲਿਆ।

ਆਪਣੇ ਕਰੀਅਰ ਦੇ ਮੁੱਢਲੇ ਦਿਨਾਂ ਵਿੱਚ ਹੁਸੈਨ ਨੇ ਕਈ ਪਾਪੜ ਵੇਲੇ। ਸੰਘਰਸ਼ ਦੇ ਦਿਨਾਂ ਵਿਚ ਉਹ ਫਿਲਮਾਂ ਲਈ ਬੈਨਰ, ਪੋਸਟਰ ਅਤੇ ਹੋਰਡਿੰਗ ਬਣਾਇਆ ਕਰਦਾ ਸੀ। ਪਰ ਇੱਕ ਸਮਾਂ ਅਜਿਹਾ ਵੀ ਆਇਆ, ਜਦੋਂ ਨਿਰਮਾਤਾ ਅਹਿਸਾਨ ਮੀਆਂ ਨੇ ਉਸਨੂੰ ਬਾਹਰ ਦਾ ਦਰਵਾਜ਼ਾ ਵਿਖਾ ਦਿੱਤਾ।

ਚਿਤਰਕਲਾ ਹੁਸੈਨ ਦਾ ਪਹਿਲਾ ਪਿਆਰ ਨਹੀਂ ਸੀ, ਸਗੋਂ ਉਹ ਤਾਂ ਸਿਨੇਮਾ ਦਾ ਹੀ ਦੀਵਾਨਾ ਸੀ। ਉਹ ਮੁਹੱਬਤ ਤਾਂ ਸਿਨੇਮਾ ਨੂੰ ਕਰਦਾ ਸੀ, ਪਰ ਇਸ਼ਕ ਦਾ ਇਜ਼ਹਾਰ ਉਸ ਨੇ ਚਿੱਤਰਕਾਰੀ ਨਾਲ ਕੀਤਾ। ਉਹ ਮੁੰਬਈ ਵੀ ਇਸੇ ਲਈ ਰਹਿ ਰਿਹਾ ਸੀ, ਕਿਉਂਕਿ ਉਹ ਨਿਰਦੇਸ਼ਕ ਬਣਨਾ ਚਾਹੁੰਦਾ ਸੀ। ਸ਼ੁਰੂ ਵਿਚ ਮੁੰਬਈ ਵਿਚ ਆਪਣਾ ਖਰਚ ਚਲਾਉਣ ਲਈ ਉਹ ਬਿਲਬੋਰਡ ਬਣਾਉਣ ਦਾ ਕੰਮ ਕਰਦਾ ਸੀ। ਹੋਰਡਿੰਗ ਬਣਾਉਂਦੇ ਸਮੇਂ ਹੀ ਹੁਸੈਨ ਦਾ ਚਿੱਤਰਕਲਾ ਲਈ ਪਿਆਰ ਜਾਗਿਆ ਅਤੇ ਫੇਰ ਉਸ ਨੇ ਆਪਣਾ ਪੂਰਾ ਧਿਆਨ ਇਸ ਪਾਸੇ ਲਾ ਦਿੱਤਾ। 1940 ਵਿੱਚ ਉਸ ਨੂੰ ਆਪਣੇ ਬਣਾਏ ਚਿੱਤਰਾਂ ਕਰਕੇ ਕੌਮੀ ਪਹਿਚਾਣ ਮਿਲੀ। ਉਹਦੀ ਪਹਿਲੀ (ਇਕੱਲੇ ਦੀ) ਚਿੱਤਰ-ਪ੍ਰਦਰਸ਼ਨੀ 1952 ਵਿੱਚ ਜ਼ਿਊਰਿਖ ਵਿੱਚ ਲੱਗੀ। ਇਸ ਤੋਂ ਬਾਅਦ ਯੂਰਪ ਅਤੇ ਅਮਰੀਕਾ ਵਿਚ ਉਸਦੀਆਂ ਕਲਾਕ੍ਰਿਤੀਆਂ ਦੀਆਂ ਬਹੁਤ ਸਾਰੀਆਂ ਪ੍ਰਦਰਸ਼ਨੀਆਂ ਲੱਗੀਆਂ। ਵੱਖਰੀ ਸ਼ੈਲੀ ਅਤੇ ਲੀਕ ਤੋਂ ਹਟ ਕੇ ਵੱਖ-ਵੱਖ ਵਿਸ਼ਿਆਂ ਤੇ ਚਿੱਤਰ ਬਣਾਉਣ ਵਾਲੇ ਐਮ ਐਫ ਹੁਸੈਨ ਨੇ ਜੀਵਨ ਵਿਚ ਕਦੇ ਪਿੱਛੇ ਮੁੜ ਕੇ ਨਹੀਂ ਵੇਖਿਆ। 1955 ਵਿੱਚ ਉਸ ਨੂੰ ਕਲਾ ਦੇ ਖੇਤਰ ਵਿਚ ਬਿਹਤਰੀਨ ਯੋਗਦਾਨ ਲਈ 'ਪਦਮਸ੍ਰੀ' ਦਾ ਪੁਰਸਕਾਰ ਪ੍ਰਦਾਨ ਕੀਤਾ ਗਿਆ।

1967 ਵਿੱਚ ਉਸ ਨੇ ਪਹਿਲੀ ਬਣਾਈ: "ਥਰੂ ਦ ਆਈਜ਼ ਆਫ ਏ ਪੇਂਟਰ"। ਇਸ ਨੂੰ ਬਰਲਿਨ ਫਿਲਮ ਮਹਾਉਤਸਵ ਵਿਚ 'ਗੋਲਡਨ ਬੀਅਰ' ਦਾ ਐਵਾਰਡ ਵੀ ਮਿਲਿਆ। 1971 ਵਿਚ ਉਸ ਨੂੰ ਵਿਸ਼ਵ ਪ੍ਰਸਿੱਧ ਚਿੱਤਰਕਾਰ ਪਾਬਲੋ ਪਿਕਾਸੋ ਵੱਲੋਂ ਇਕ ਪ੍ਰਦਰਸ਼ਨੀ ਵਿੱਚ ਮਿਲਣ ਦੀ ਪੇਸ਼ਕਸ਼ ਹੋਈ। ਪਾਬਲੋ ਪਿਕਾਸੋ ਨੂੰ ਦੁਨੀਆਂ ਦੇ ਮਹਾਨਤਮ ਚਿੱਤਰਕਾਰਾਂ ਵਿੱਚੋਂ ਇੱਕ ਮੰਨਿਆ ਜਾਂਦਾ ਸੀ ਅਤੇ ਕਿਹਾ ਜਾਂਦਾ ਹੈ ਕਿ ਐਮ ਐਫ ਹੁਸੈਨ ਅਤੇ ਪਾਬਲੋ ਪਿਕਾਸੋ ਦੀ ਸ਼ੈਲੀ ਵਿੱਚ ਕਾਫ਼ੀ ਸਮਾਨਤਾ ਹੈ।

1973 ਵਿੱਚ ਉਸ ਨੂੰ 'ਪਦਮ ਭੂਸ਼ਨ' ਅਤੇ 1991 ਵਿੱਚ 'ਪਦਮ ਵਿਭੂਸ਼ਨ' ਦੇ ਪੁਰਸਕਾਰ ਨਾਲ ਨਿਵਾਜਿਆ ਗਿਆ। 1986 ਵਿੱਚ ਕਲਾ ਦੇ ਖੇਤਰ ਵਿੱਚ ਵਿਸ਼ਿਸ਼ਟ ਕਾਰਜ ਲਈ ਉਹਨੂੰ ਰਾਜ ਸਭਾ ਲਈ ਵੀ ਨਾਮਜ਼ਦ ਕੀਤਾ ਗਿਆ। 92 ਸਾਲ ਦੀ ਉਮਰ ਵਿੱਚ ਉਸਨੂੰ ਕੇਰਲ ਸਰਕਾਰ ਨੇ 'ਰਾਜਾ ਰਵੀ ਵਰਮਾ ਪੁਰਸਕਾਰ' ਦੇ ਕੇ ਸਨਮਾਨਿਤ ਕੀਤਾ। ਕ੍ਰਿਸਟੀਜ਼ ਆਕਸ਼ਨ ਵਿਚ ਉਸ ਦੀ ਇੱਕ ਪੇਂਟਿੰਗ ਵੀਹ ਲੱਖ ਅਮਰੀਕੀ ਡਾਲਰ ਵਿਚ ਵਿਕੀ। ਇਸ ਦੇ ਨਾਲ ਹੀ ਉਹ ਭਾਰਤ ਦਾ ਸਭ ਤੋਂ ਮਹਿੰਗਾ ਪੇਂਟਰ ਬਣ ਗਿਆ। ਉਸ ਦੀਆਂ ਪ੍ਰਸਿੱਧ ਪੇਂਟਿੰਗਜ਼ ਵਿਚ 'ਹੋਰਸਿਜ਼', 'ਮਦਰ ਇੰਡੀਆ', 'ਮਦਰ ਟਰੇਸਾ', 'ਗੰਗਾ ਐਂਡ ਜਮੁਨਾ', 'ਲੇਡੀ ਵਿਦ ਵੀਨਾ', 'ਸੈਲਫ ਪੋਰਟੇਟ', 'ਵੁਮੈਨ ਐਟ ਵਰਕ', 'ਬਲੈਕ ਹਿੱਲ', ਪੋਸਟ ਕਾਰਡ', ਰਾਜਸਥਾਨੀ ਵਿਮੈੱਨ' ਆਦਿ ਕਾਫ਼ੀ ਚਰਚਿਤ ਹਨ। ਉਸਦੀ ਆਤਮ ਕਥਾ ਤੇ ਇਕ ਫਿਲਮ ਵੀ ਨਿਰਮਾਣ ਅਧੀਨ ਹੈ।

ਜਿਸਦੀ ਚਿੱਤਰਕਲਾ ਦੀ ਪੂਰੀ ਦੁਨੀਆਂ ਦੀਵਾਨੀ ਸੀ, ਉਹੀ ਐਮ ਐਫ ਹੁਸੈਨ "ਧਕ ਧਕ ਗਰਲ" ਮਾਧੁਰੀ ਦੀਕਸ਼ਿਤ ਦਾ ਦੀਵਾਨਾ ਸੀ। ਮਾਧੁਰੀ ਦੀ ਫ਼ਿਲਮ "ਹਮ ਆਪਕੇ ਹੈਂ ਕੌਨ' ਉਸਨੇ 67 ਵਾਰ ਵੇਖੀ। ਇਸ ਫ਼ਿਲਮ ਨੂੰ ਵੇਖਣ ਪਿੱਛੋਂ ਹੁਸੈਨ ਨੇ ਉਹਦੇ ਤੇ ਪੇਂਟਿੰਗ ਦੀ ਇੱਕ ਪੂਰੀ ਸੀਰੀਜ਼ ਬਣਾ ਦਿੱਤੀ। ਹਾਲਾਂਕਿ ਜਦੋਂ ਹੁਸੈਨ 85 ਸਾਲ ਦਾ ਸੀ, ਉਦੋਂ ਉਸ ਨੇ ਆਪਣਾ ਨਿਰਦੇਸ਼ਕ ਬਣਨ ਦਾ ਸੁਪਨਾ ਵੀ ਪੂਰਾ ਕਰ ਲਿਆ ਅਤੇ ਨਾਲ ਹੀ ਆਪਣੀ ਪਸੰਦੀਦਾ ਐਕਟ੍ਰੈਸ ਮਾਧੁਰੀ ਦੀਕਸ਼ਤ ਨੂੰ ਵੀ ਆਪਣੀ ਫ਼ਿਲਮ ਵਿੱਚ ਕਾਸਟ ਕੀਤਾ। ਇਸ ਫ਼ਿਲਮ ਦਾ ਨਾਮ ਸੀ- 'ਗਜਗਾਮਿਨੀ'।

ਹੁਸੈਨ ਦੀ ਦੀਵਾਨਗੀ ਦਾ ਆਲਮ ਸੱਤ ਸਾਲ ਪਿੱਛੋਂ ਉਸ ਵੇਲੇ ਵੀ ਕਾਇਮ ਰਿਹਾ, ਜਦੋਂ ਮਾਧੁਰੀ ਦੀਕਸ਼ਿਤ ਨੇ 'ਆਜਾ ਨੱਚ ਲੇ' ਨਾਲ ਬਾਲੀਵੁੱਡ ਵਿਚ ਦੁਬਾਰਾ ਐਂਟਰੀ ਦਿੱਤੀ। ਹੁਸੈਨ ਉਨ੍ਹੀਂ ਦਿਨੀਂ ਦੁਬਈ ਵਿਚ ਸੀ ਅਤੇ ਉਸ ਨੇ ਦੁਪਹਿਰ ਦੇ ਸ਼ੋਅ ਲਈ ਦੁਬਈ ਦੇ ਲੈਮਸੀ ਸਿਨੇਮਾ ਨੂੰ ਪੂਰੇ ਦਾ ਪੂਰਾ ਆਪਣੇ ਲਈ ਬੁੱਕ ਕਰਵਾ ਲਿਆ ਸੀ। ਮਾਧੁਰੀ ਤੋਂ ਬਿਨਾਂ ਹੁਸੈਨ ਤੱਬੂ, ਵਿਦਿਆ ਬਾਲਨ ਅਤੇ ਅੰਮ੍ਰਿਤਾ ਰਾਓ ਦਾ ਵੀ ਪ੍ਰਸ਼ੰਸਕ ਰਿਹਾ। ਉਸਨੇ ਤੱਬੂ ਨਾਲ ਵੀ ਫ਼ਿਲਮ ਬਣਾਈ, ਜਿਸ ਦਾ ਨਾਮ ਸੀ 'ਮੀਨਾਕਸ਼ੀ: ਏ ਟੇਲ ਆਫ ਥ੍ਰੀ ਸਿਟੀਜ਼'। ਇਵੇਂ ਹੀ ਹੁਸੈਨ ਅੰਮ੍ਰਿਤਾ ਨੂੰ 'ਵਿਵਾਹ' ਵਿੱਚ ਵੇਖ ਕੇ ਫਿਦਾ ਹੋ ਗਿਆ। ਇਸ ਤੋਂ ਬਾਅਦ ਉਸਨੇ ਫ਼ੈਸਲਾ ਕੀਤਾ ਕਿ ਉਹ ਉਸ ਦੀਆਂ ਪੇਂਟਿੰਗਾਂ ਵੀ ਬਣਾਵੇਗਾ। ਇਹੋ ਨਹੀਂ ਅੰਮ੍ਰਿਤਾ ਦੇ ਜਨਮਦਿਨ ਤੇ ਹੁਸੈਨ ਨੇ ਉਸ ਨੂੰ ਤਿੰਨ ਪੇਂਟਿੰਗਾਂ ਤੋਹਫ਼ੇ ਵਜੋਂ ਦਿੱਤੀਆਂ, ਜਿਨ੍ਹਾਂ ਦੀ ਕੀਮਤ ਲਗਪਗ ਇੱਕ ਕਰੋੜ ਰੁਪਏ ਦੱਸੀ ਜਾਂਦੀ ਹੈ।

1990 ਤਕ ਹੁਸੈਨ ਨੂੰ ਭਾਰਤ ਦੇ ਸਭ ਤੋਂ ਮਹਿੰਗੇ ਚਿੱਤਰਕਾਰਾਂ ਵਿਚ ਗਿਣਿਆ ਜਾਣ ਲੱਗ ਪਿਆ, ਜਿਸ ਦੀ ਇੱਕ ਪੇਂਟਿੰਗ ਦੀ ਕੀਮਤ ਦੋ ਮਿਲੀਅਨ ਡਾਲਰ ਸੀ। ਪਰ ਇਸੇ ਦੌਰਾਨ ਉਸ ਨਾਲ ਕਾਫੀ ਵਿਵਾਦ ਵੀ ਸਾਹਮਣੇ ਆਏ: ਉਸ ਤੇ ਹਿੰਦੂ ਦੇਵੀ-ਦੇਵਤਿਆਂ ਦੀਆਂ ਅਸ਼ਲੀਲ ਅਤੇ ਨੰਗੀਆਂ ਪੇਂਟਿੰਗਾਂ ਬਣਾਉਣ ਦਾ ਮਾਮਲਾ ਸਾਹਮਣੇ ਆਇਆ। ਭਾਵੇਂ ਇਹ ਪੇਂਟਿੰਗਾਂ 1976 ਵਿੱਚ ਬਣਾਈਆਂ ਗਈਆਂ ਸਨ। ਉਸ ਉੱਤੇ 18 ਮਾਮਲੇ ਵੀ ਦਰਜ ਹੋਏ। ਫਿਰ 2006 ਵਿਚ ਇਕ ਹੋਰ ਮਾਮਲੇ ਵਿਚ ਉਸ ਨੂੰ ਹਿੰਦੂ ਦੇਵੀ- ਦੇਵਤਿਆਂ ਦਾ ਅਪਮਾਨ ਕਰਨ ਦਾ ਦੋਸ਼ੀ ਠਹਿਰਾਇਆ ਗਿਆ। 'ਇੰਡੀਆ ਟੂਡੇ' ਮੈਗਜ਼ੀਨ ਦੇ ਕਵਰ-ਪੇਜ ਤੇ ਭਾਰਤ ਮਾਤਾ ਦੀ ਤਸਵੀਰ ਬਣਾਉਣ ਨਾਲ ਉਸ ਦੀ ਕਾਫੀ ਆਲੋਚਨਾ ਹੋਈ। ਇਸ ਫੋਟੋ ਵਿੱਚ ਇਕ ਯੁਵਤੀ ਨੂੰ ਭਾਰਤ ਮਾਤਾ ਦੇ ਪ੍ਰਤੀਬਿੰਬ ਵਜੋਂ ਚਿਤਰਿਆ ਗਿਆ ਸੀ, ਜੋ ਅਲਫ਼ ਨੰਗੀ ਸੀ ਅਤੇ ਭਾਰਤ ਦੇ ਨਕਸ਼ੇ ਉੱਤੇ ਲੇਟੀ ਹੋਈ ਸੀ।

ਅਜਿਹੀਆਂ ਵਿਵਾਦਿਤ ਪੇਂਟਿੰਗਾਂ ਕਰਕੇ ਭਾਰਤ ਦੇ ਕਈ ਹਿੱਸਿਆਂ ਵਿਚ ਜ਼ਬਰਦਸਤ ਵਿਰੋਧ ਪ੍ਰਦਰਸ਼ਨ ਹੋਏ। ਸ਼ਿਵਸੈਨਾ ਅਤੇ ਆਰੀਆ ਸਮਾਜ ਨੇ ਇਸ ਦਾ ਸਭ ਤੋਂ ਜ਼ਿਆਦਾ ਵਿਰੋਧ ਕੀਤਾ। ਪਿੱਛੋਂ 2006 ਵਿੱਚ ਹੁਸੈਨ ਨੇ ਹਿੰਦੋਸਤਾਨ ਛੱਡ ਦਿੱਤਾ ਅਤੇ ਉਹ ਕਤਰ ਵਿਚ ਰਹਿਣ ਲੱਗ ਪਿਆ। ਕੁਝ ਸਮੇਂ ਬਾਅਦ ਉਸ ਨੇ ਲੰਡਨ ਨੂੰ ਆਪਣੀ ਰਿਹਾਇਸ਼ ਬਣਾ ਲਿਆ। ਇੱਥੇ ਹੀ ਜਲਾਵਤਨੀ ਦਾ ਜੀਵਨ ਬਿਤਾਉਂਦਿਆਂ 9 ਜੂਨ 2011 ਨੂੰ ਉਸ ਦਾ ਦੇਹਾਂਤ ਹੋ ਗਿਆ। ਐਮ.ਐਫ.ਹੁਸੈਨ ਆਪਣੇ ਨਾਮ ਮੁਤਾਬਕ 'ਮਕਬੂਲ' (ਪ੍ਰਸਿੱਧ) ਵੀ ਸੀ ਅਤੇ 'ਫ਼ਿਦਾ'(ਮਾਧੁਰੀ ਦੀਕਸ਼ਤ ਤੇ) ਵੀ। ਉਸ ਦੀ ਵੱਖਰੀ ਪਹਿਚਾਣ ਉਸਦਾ "ਨੰਗੇ ਪੈਰੀਂ" (ਬਉਰਏ-ਡਇਟ) ਰਹਿਣਾ ਸੀ। ਵਾਣੀ ਪ੍ਰਕਾਸ਼ਨ ਵੱਲੋਂ ਐਮ ਐਫ ਹੁਸੈਨ ਦੀ ਸਵੈਜੀਵਨੀ "ਐਮ ਐਫ ਹੁਸੈਨ ਕੀ ਕਹਾਨੀ ਅਪਨੀ ਜ਼ੁਬਾਨੀ" ਪ੍ਰਕਾਸ਼ਿਤ ਕੀਤੀ ਗਈ ਹੈ, ਜਿਸ ਰਾਹੀਂ ਉਸਦੀ ਨਿੱਜੀ ਜ਼ਿੰਦਗੀ ਬਾਰੇ ਹੋਰ ਵੀ ਨਜ਼ਦੀਕ ਤੋਂ ਜਾਣਿਆ ਜਾ ਸਕਦਾ ਹੈ। ਇਸੇ ਪ੍ਰਕਾਰ ਪ੍ਰਦੀਪ ਚੰਦ੍ਰ ਵੱਲੋਂ ਲਿਖੀ ਅਤੇ ਭੁਵੇਂਦਰ ਤਿਆਗੀ ਵੱਲੋਂ ਅਨੁਵਾਦ ਕੀਤੀ ਗਈ ਹਿੰਦੀ ਪੁਸਤਕ 'ਐਮ ਐਫ ਹੁਸੈਨ: ਕਲਾ ਕਾ ਕਰਮਯੋਗੀ' ਵਿੱਚੋਂ ਵੀ ਇਸ ਮਹਾਨ ਕਲਾਕਾਰ ਬਾਰੇ ਜਾਣਕਾਰੀ ਹਾਸਲ ਕੀਤੀ ਜਾ ਸਕਦੀ ਹੈ।



ਪ੍ਰੋ.ਨਵ ਸੰਗੀਤ ਸਿੰਘ
ਪੋਸਟਗ੍ਰੈਜੂਏਟ ਪੰਜਾਬੀ ਵਿਭਾਗ,
ਅਕਾਲ ਯੂਨੀਵਰਸਿਟੀ, ਤਲਵੰਡੀ ਸਾਬੋ
94176-92015.

**Information in Public Interest**

To listen to Dr.Gurdip Singh Sandhu health education lecture series, go to https://youtu.be/-DUhK3cACEU, Sabrangstation.com ਰੋਜ਼ਾਨਾ ਸ਼ਾਮ 5 ਵਜੇ ਤੋਂ 6 ਵਜੇ ਤੱਕ ਰੇਡੀਓ ਸਬਰੰਗ ਰੇਡੀਓ ਪਰਵਾਜ ਯੂਟਿਊਬ ਅਤੇ ਫੇਸਬੁੱਕ ਉੱਪਰ ਸੋਮਵਾਰ ਰੇਡੀਓ ਪੰਜਾਬ 1310 AM ਸ਼ਾਮ 3.35 ਤੋਂ 3.55 ਪੰਜਾਬੀ ਵਿੱਚ 4.35 ਤੋਂ 4.55 ਹਿੰਦੀ ਵਿੱਚ, ਸਾਂਝੀ ਸੋਚ ਟੀਵੀ ਸੋਮਵਾਰ, ਬੁੱਧਵਾਰ ਅਤੇ ਸ਼ੁਕਰਵਾਰ ਪੰਜਾਬੀ ਵਿੱਚ।

Contact:(408) 687-1899, (925) 587-1148





ਗੁਰਦੁਆਰਾ ਸਾਹਿਬ ਸੈਨ ਹੋਜ਼ੇ

# ਜੂਨ 2026 ਦੇ ਵਿਸ਼ੇਸ਼ ਧਾਰਮਿਕ ਸਮਾਗਮ

**JUNE 1984 ਦੇ ਸਮੂਹ ਸ਼ਹੀਦਾਂ ਦੀ ਯਾਦ 'ਚ ਕਰਵਾਇਆ ਜਾ ਰਿਹਾ ਵਿਸ਼ਾਲ ਗੁਰਮਿਤ ਸਮਾਗਮ**




ਜੂਨ 1984 ਦੇ ਸਮੂਹ ਸ਼ਹੀਦਾਂ ਦੀ ਯਾਦ 'ਚ
1 ਜੂਨ ਤੋਂ 7 ਜੂਨ 2026 ਵਿਸ਼ੇਸ਼ ਕਥਾ ਅਤੇ ਗੁਰਬਾਣੀ ਕੀਰਤਨ ਸਮਾਗਮ




ਸੰਤ ਬਾਬਾ ਜਰਨੈਲ ਸਿੰਘ ਜੀ ਭਿੰਡਰਾਂਵਾਲਿਆਂ ਜੀ
ਦਾ ਜਨਮ ਦਿਹਾੜਾ 2 ਜੂਨ 2026




4th Annual Sikh Heritage Night
18 ਜੂਨ 2026 | ਸ਼ਾਮ 6:30 ਵਜੇ




ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਜੀ ਦੀ
ਸ਼ਹਾਦਤ ਨੂੰ ਸਮਰਪਿਤ ਸੰਗਤ ਰੂਪੀ ਸੁਖਮਨੀ ਸਾਹਿਬ ਪਾਠ
16 ਜੂਨ ਤੋਂ 20 ਜੂਨ ਸ਼ਾਮ 7:30 ਤੋਂ 8:45 ਵਜੇ ਤੱਕ
ਸ਼ਹੀਦੀ ਕਾਨਫਰੰਸ 21 ਜੂਨ 2026 (ਐਤਵਾਰ)




28 ਜੂਨ ਨੂੰ ਭਾਈ ਸਾਹਿਬ
Dr. Alankar Singh ਜੀ ਵਲੋਂ
ਸਵੇਰੇ 11:20 ਤੋਂ ਦੁਪਹਿਰ 12:20 ਵਜੇ ਤੱਕ
ਗੁਰਬਾਣੀ ਕੀਰਤਨ ਕੀਤਾ ਜਾਵੇਗਾ |




ਲੜਕੇ ਅਤੇ ਲੜਕੀਆਂ ਲਈ
Basketball Camp 2026
27 ਮਈ ਤੋਂ 18 ਜੁਲਾਈ ਤੱਕ

**ਸ੍ਰੀ ਗੁਰੂ ਅਰਜਨ ਦੇਵ ਜੀ ਦੇ ਵਿਆਹ ਪੁਰਬ ਨੂੰ ਸਮਰਪਿਤ**
**26 ਜੂਨ ਤੋਂ 28 ਜੂਨ 2026 ਸਾਲਾਨਾ ਜੋੜ ਮੇਲਾ**




Address : 3636 Gurdwara Ave, San Jose, CA, 95148 | www.sanjosegurdwara.com | (408) 274-9373

# ਕੈਨੇਡਾ 'ਚ ਬੱਚੇ ਨਹੀਂ ਚਲਾ ਸਕਣਗੇ ਵਾਟਸਐਪ ਇੰਸਟਾਗ੍ਰਾਮ, ਸੰਸਦ 'ਚ ਬਿੱਲ ਸੀ-34 ਪੇਸ਼

ਓਟਵਾ
ਸਾਂਝੀ ਸੋਚ ਬਿਊਰੋ

ਕੈਨੇਡਾ ਸਰਕਾਰ ਨੇ 16 ਸਾਲਾਂ ਤੋਂ ਘੱਟ ਉਮਰ ਦੇ ਬੱਚਿਆਂ ਦੀ ਇੰਟਰਨੈੱਟ ਮੀਡੀਆ ਤੱਕ ਪਹੁੰਚ ਸੀਮਤ ਕਰਨ ਦੇ ਮਕਸਦ ਨਾਲ ਸੰਸਦ ਵਿਚ ਬਿੱਲ ਸੀ-34 ਪੇਸ਼ ਕੀਤਾ ਹੈ। ਪ੍ਰਸਤਾਵਿਤ ਕਾਨੂੰਨ ਤਹਿਤ ਇਸ ਉਮਰ ਵਰਗ ਦੇ ਬੱਚਿਆਂ ਲਈ ਇੰਟਰਨੈੱਟ ਮੀਡੀਆ ਅਕਾਊਂਟ ਬਣਾਉਣ 'ਤੇ ਰੋਕ ਲਗਾਉਣ ਦੀ ਵਿਵਸਥਾ ਹੈ। ਹਾਲਾਂਕਿ, ਉਹ ਕੰਪਨੀਆਂ ਛੋਟ ਹਾਸਲ ਕਰ ਸਕਣਗੀਆਂ ਜੋ ਬੱਚਿਆਂ ਦੀ ਸੁਰੱਖਿਆ ਲਈ ਢੁੱਕਵੇਂ ਅਤੇ ਅਸਰਦਾਰ ਉਪਾਅ ਲਾਗੂ ਹੋਣ ਦਾ ਸਬੂਤ ਦੇਣਗੀਆਂ। ਕੈਨੇਡਾ ਦੇ ਪਛਾਣ ਤੇ ਸੰਸਕ੍ਰਿਤੀ ਮੰਤਰੀ ਮਾਰਕ ਮਿਲਰ ਨੇ ਬੁੱਧਵਾਰ ਨੂੰ ਬਿੱਲ ਪੇਸ਼ ਕਰਦੇ ਹੋਏ ਇਸ ਨੂੰ ਆਨਲਾਈਨ ਨੁਕਸਾਨ ਰੋਕਣ ਦੀ ਦਿਸ਼ਾ ਵਿਚ ਸਰਕਾਰ ਦਾ ਮਹੱਤਵਪੂਰਨ ਕਦਮ ਦੱਸਿਆ। ਪ੍ਰਸਤਾਵਿਤ ਕਾਨੂੰਨ ਇੰਟਰਨੈੱਟ ਮੀਡੀਆ ਪਲੇਟਫਾਰਮਾਂ ਦੇ ਨਾਲ-ਨਾਲ ਏਆਈ ਚੈਟਬਾਟ ਸੇਵਾਵਾਂ 'ਤੇ ਵੀ ਨਵੀਆਂ ਸੁਰੱਖਿਆ ਜ਼ਿੰਮੇਵਾਰੀਆਂ ਲਾਗੂ ਕਰੇਗਾ।



ਇਸ ਤਹਿਤ 'ਡਿਜੀਟਲ ਸੇਫਟੀ ਕਮਿਸ਼ਨ ਆਫ ਕੈਨੇਡਾ' ਦਾ ਗਠਨ ਕੀਤਾ ਜਾਵੇਗਾ ਜੋ ਨਵੇਂ ਨਿਯਮਾਂ ਦੀ ਪਾਲਣਾ ਦੀ ਨਿਗਰਾਨੀ ਕਰੇਗਾ। ਕਾਨੂੰਨ ਦੀ ਉਲੰਘਣਾ ਕਰਨ ਵਾਲੀਆਂ ਕੰਪਨੀਆਂ 'ਤੇ ਇਕ ਕਰੋੜ ਕੈਨੇਡੀਅਨ ਡਾਲਰ ਜਾਂ ਉਨ੍ਹਾਂ ਦੀ ਆਲਮੀ ਆਮਦਨ ਦੇ ਤਿੰਨ ਫ਼ੀਸਦ, ਜੋ ਵੀ ਵੱਧ ਹੋਵੇ, ਤੱਕ ਦਾ ਜੁਰਮਾਨਾ ਲਗਾਇਆ ਜਾ ਸਕੇਗਾ। ਸਰਕਾਰ ਦਾ ਕਹਿਣਾ ਹੈ ਕਿ ਮੌਜੂਦਾ ਕਾਨੂੰਨ ਨੁਕਸਾਨ ਹੋਣ ਤੋਂ ਬਾਅਦ ਕਾਰਵਾਈ ਕਰਦੇ ਹਨ ਜਦਕਿ ਨਵਾਂ ਕਾਨੂੰਨ ਬੱਚਿਆਂ ਨੂੰ ਸੰਭਾਵੀ ਆਨਲਾਈਨ ਖ਼ਤਰਿਆਂ ਤੋਂ ਪਹਿਲਾਂ ਹੀ ਬਚਾਉਣ 'ਤੇ ਕੇਂਦਰਿਤ ਹੋਵੇਗਾ। ਕੈਨੇਡਾ ਇਸ ਦਿਸ਼ਾ ਵਿਚ ਕਦਮ ਵਧਾਉਣ ਵਾਲਾ ਨਵੀਨਤਮ ਦੇਸ਼ ਹੋਵੇਗਾ।

ਇਸ ਤੋਂ ਪਹਿਲਾਂ ਆਸਟ੍ਰੇਲੀਆ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਇੰਟਰਨੈੱਟ ਮੀਡੀਆ ਪਹੁੰਚ 'ਤੇ ਕੌਮੀ ਪੱਧਰ 'ਤੇ ਪਾਬੰਦੀ ਲਾਗੂ ਕਰ ਚੁੱਕਾ ਹੈ। ਬਰਤਾਨੀਆ, ਫਰਾਂਸ, ਗਰੀਸ, ਸਪੇਨ ਅਤੇ ਮਲੇਸ਼ੀਆ ਵੀ ਬੱਚਿਆਂ ਦੀ ਆਨਲਾਈਨ ਸੁਰੱਖਿਆ ਲਈ ਅਜਿਹੇ ਉਪਾਵਾਂ 'ਤੇ ਵਿਚਾਰ ਕਰ ਰਹੇ ਹਨ।

ਹਾਲਾਂਕਿ ਪ੍ਰਸਤਾਵਿਤ ਕਾਨੂੰਨ ਦਾ ਕੁਝ ਸਿਆਸੀ ਪਾਰਟੀਆਂ ਨੇ ਵਿਰੋਧ ਵੀ ਕੀਤਾ ਹੈ। ਵਿਰੋਧੀ ਕੰਜ਼ਰਵੇਟਿਵ ਪਾਰਟੀ ਦਾ ਕਹਿਣਾ ਹੈ ਕਿ ਇਸ ਦੀਆਂ ਕੁਝ ਵਿਵਸਥਾਵਾਂ ਪ੍ਰਗਟਾਵੇ ਦੀ ਆਜ਼ਾਦੀ ਨੂੰ ਪ੍ਰਭਾਵਿਤ ਕਰ ਸਕਦੀਆਂ ਹਨ। ਮੰਤਰੀ ਮਿਲਰ ਨੇ ਸਵੀਕਾਰ ਕੀਤਾ ਕਿ ਕਾਨੂੰਨ ਦੇ ਪਹਿਲੇ ਸੰਸਕਰਨ ਵਿਚ ਜ਼ਰੂਰਤ ਤੋਂ ਜ਼ਿਆਦਾ ਦਖ਼ਲਅੰਦਾਜ਼ੀ ਵਾਲੀਆਂ ਵਿਵਸਥਾਵਾਂ ਸਨ ਜਿਨ੍ਹਾਂ ਨੂੰ ਹੁਣ ਸੋਧਿਆ ਗਿਆ ਹੈ।

# ਅਮਰੀਕਾ ਦੌਰੇ 'ਤੇ ਆਏ ਸ਼੍ਰੋਮਣੀ ਕਮੇਟੀ ਵਫ਼ਦ ਨੇ ਯੂਬਾ ਸਿਟੀ 'ਚ ਕੀਤੇ ਜਾਣ ਵਾਲੇ ਕਾਰਜਾਂ ਲਈ ਜਗ੍ਹਾ ਦਾ ਲਿਆ ਜਾਇਜ਼ਾ

ਯੂਬਾ ਸਿਟੀ
ਸਾਂਝੀ ਸੋਚ ਬਿਊਰੋ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ 'ਚ ਅਮਰੀਕਾ ਪੁੱਜੇ ਵਫ਼ਦ ਨੇ ਅਮਰੀਕਾ ਦੇ ਯੂਬਾ ਸਿਟੀ ਵਿਖੇ ਸਥਾਪਿਤ ਕੀਤੇ ਜਾਣ ਵਾਲੇ ਧਰਮ ਪ੍ਰਚਾਰ ਕੇਂਦਰ, ਪ੍ਰੈੱਸ, ਸਿੱਖ ਮਿਸ਼ਨ ਅਤੇ ਗੁਰਮਤਿ ਵਿਦਿਆਲੇ ਲਈ ਜ਼ਮੀਨ ਦਾ ਜਾਇਜ਼ਾ ਲਿਆ ਅਤੇ ਇਥੇ ਕੀਤੇ ਜਾਣ ਵਾਲੇ ਕਾਰਜਾਂ ਸਬੰਧੀ ਆਰਕੀਟੈਕਟਾਂ ਅਤੇ ਸਥਾਨਕ ਸਿੱਖ ਆਗੂਆਂ ਨਾਲ ਵਿਚਾਰ-ਚਰਚਾ ਕੀਤੀ। ਜ਼ਿਕਰਯੋਗ ਹੈ ਕਿ ਇਹ 14 ਏਕੜ ਦੇ ਕਰੀਬ ਜ਼ਮੀਨ ਸਵਰਗੀ ਦੀਦਾਰ ਸਿੰਘ ਬੈਂਸ ਅਤੇ ਪਰਿਵਾਰ ਵੱਲੋਂ ਸ਼੍ਰੋਮਣੀ ਕਮੇਟੀ ਨੂੰ ਦਿੱਤੀ ਗਈ ਹੈ। ਸ਼੍ਰੋਮਣੀ ਕਮੇਟੀ ਵਫ਼ਦ ਵਿਚ ਸੀਨੀਅਰ ਮੀਤ ਪ੍ਰਧਾਨ ਰਘੂਜੀਤ ਸਿੰਘ ਵਿਰਕ, ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ, ਮੈਂਬਰ ਭਾਈ ਰਾਜਿੰਦਰ ਸਿੰਘ ਮਹਿਤਾ, ਓ.ਐੱਸ.ਡੀ ਸਤਬੀਰ ਸਿੰਘ, ਸਕੱਤਰ ਬਲਵਿੰਦਰ ਸਿੰਘ ਕਾਹਲਵਾਂ ਮੌਜੂਦ ਸਨ।

ਇਸ ਸਬੰਧੀ ਦਫ਼ਤਰ ਤੋਂ ਜਾਰੀ ਪ੍ਰੈੱਸ ਬਿਆਨ 'ਚ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਅਮਰੀਕਾ ਅਤੇ ਕੈਨੇਡਾ ਦੀਆਂ ਸੰਗਤਾਂ ਦੀਆਂ ਭਾਵਨਾਵਾਂ ਨੂੰ ਧਿਆਨ 'ਚ ਰੱਖਦਿਆਂ ਬੀਤੇ ਸਮੇਂ ਸ਼੍ਰੋਮਣੀ ਕਮੇਟੀ ਨੇ ਅਮਰੀਕਾ ਅੰਦਰ ਧਰਮ ਪ੍ਰਚਾਰ ਕੇਂਦਰ, ਪ੍ਰੈੱਸ, ਸਿੱਖ ਮਿਸ਼ਨ ਅਤੇ ਗੁਰਮਤਿ ਵਿਦਿਆਲਾ ਸਥਾਪਤ ਕਰਨ ਦਾ ਫੈਸਲਾ ਕੀਤਾ ਸੀ।

ਇਸ ਕਾਰਜ ਲਈ ਸਵਰਗੀ ਦੀਦਾਰ ਸਿੰਘ ਬੈਂਸ ਵੱਲੋਂ ਸ਼੍ਰੋਮਣੀ ਕਮੇਟੀ ਨੂੰ 14.5 ਏਕੜ ਜ਼ਮੀਨ ਦਿੱਤੀ ਗਈ ਸੀ। ਉਨ੍ਹਾਂ ਕਿਹਾ ਕਿ ਅਮਰੀਕਾ ਕੈਨੇਡਾ ਤੋਂ ਬਹੁਤ ਸਾਰੀਆਂ ਸੰਗਤਾਂ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੀ ਵੱਡੀ ਮੰਗ ਪੁੱਜਦੀ ਹੈ, ਜੋ ਇਥੇ ਪ੍ਰੈੱਸ ਸਥਾਪਤ ਹੋਣ ਨਾਲ ਸਹਿਜੇ ਪੂਰੀਆਂ ਕੀਤੀ ਜਾ ਸਕੇਗੀ।

ਉਨ੍ਹਾਂ ਕਿਹਾ ਕਿ ਧਰਮ ਪ੍ਰਚਾਰ ਦੇ ਮਕਸਦ ਨਾਲ ਸਥਾਪਤ ਕੀਤਾ ਜਾ ਰਿਹਾ ਇਹ ਕੇਂਦਰ ਜਿਥੇ ਪ੍ਰਵਾਸੀ ਸਿੱਖ ਭਾਈਚਾਰੇ ਅਤੇ ਸਿੱਖ ਸੰਸਥਾ ਦੇ ਆਪਸੀ ਸਹਿਯੋਗ ਨੂੰ ਹੋਰ ਮਜ਼ਬੂਤ ਕਰੇਗਾ, ਉਥੇ ਇਹ ਕੇਂਦਰ ਪ੍ਰਵਾਸੀ ਸਿੱਖ ਬੱਚਿਆਂ ਨੂੰ ਗੁਰਮਤਿ ਸਿਧਾਂਤਾਂ ਅਤੇ ਸਿੱਖੀ ਪ੍ਰੰਪਰਾਵਾਂ ਨਾਲ ਜੋੜਨ ਵਿਚ ਵੀ ਸਹਾਈ ਹੋਵੇਗਾ। ਉਨ੍ਹਾਂ ਕਿਹਾ ਕਿ ਇਸ ਕਾਰਜ ਨੂੰ ਸਥਾਨਕ ਸਿੱਖ ਆਗੂਆਂ ਤੇ ਸੰਗਤਾਂ ਦੇ ਸਹਿਯੋਗ ਨਾਲ ਜਲਦ ਮੁਕੰਮਲ ਕੀਤਾ ਜਾਵੇਗਾ।



ਇਸ ਮੌਕੇ ਅਮਰੀਕਾ ਨਿਵਾਸੀ ਕਰਮਦੀਪ ਸਿੰਘ ਬੈਂਸ (ਕਾਊਂਟੀ ਸੁਪਰਵਾਈਜ਼ਰ), ਹਰਗੁਰਜੀਤ ਸਿੰਘ ਬੱਲ, ਦਲਬੀਰ ਸਿੰਘ ਗਿੱਲ, ਪਰਮਜੀਤ ਸਿੰਘ ਗਿੱਲ, ਗੁਰਮੀਤ ਸਿੰਘ ਗਿੱਲ, ਗੁਰਨਾਮ ਸਿੰਘ ਪੰਮਾ, ਕੁਲਵੰਤ ਸਿੰਘ ਖੈਹਰਾ, ਬਲਜੀਤ ਸਿੰਘ ਮਾਨ, ਜੀਵਨ ਸਿੰਘ, ਗੁਰਸੇਵਕ ਸਿੰਘ ਭੰਗੂ, ਸੁਖਵੰਤ ਸਿੰਘ ਖੈਹਰਾ, ਸੁਖਵਿੰਦਰ ਸਿੰਘ, ਨਿਰਮਲ ਸਿੰਘ ਜੰਡਾ, ਮੁਖਤਿਆਰ ਸਿੰਘ ਗਰੇਵਾਲ, ਗੁਰਪ੍ਰੀਤ ਸਿੰਘ ਗਿੱਲ, ਇੰਦਰਜੀਤ ਸਿੰਘ ਹੈਪੀ, ਦਲਬੀਰ ਸਿੰਘ ਸੰਘੇੜਾ, ਜੋਗਿੰਦਰ ਸਿੰਘ ਨਿੱਜਰ ਅਤੇ ਹੋਰ ਮੌਜੂਦ ਸਨ।

# ਕੈਨੇਡਾ ਦੀ ਅਦਾਲਤ ਵੱਲੋਂ ਜ਼ਬਰਨ ਵਸੂਲੀ ਦੇ ਮਾਮਲੇ 'ਚ 3 ਪੰਜਾਬੀ ਦੋਸ਼ੀ ਕਰਾਰ

ਓਟਵਾ
ਸਾਂਝੀ ਸੋਚ ਬਿਊਰੋ

ਕੈਨੇਡਾ ਦੀ ਇੱਕ ਅਦਾਲਤ ਵੱਲੋਂ ਸਰੀ, ਬ੍ਰਿਟਿਸ਼ ਕੋਲੰਬੀਆ ਵਿਚ ਇੱਕ ਰਿਹਾਇਸ਼ੀ ਘਰ 'ਤੇ ਜ਼ਬਰਨ ਵਸੂਲੀ ਨਾਲ ਸਬੰਧਿਤ ਗੋਲੀਬਾਰੀ ਦੀ ਘਟਨਾ ਵਿਚ ਸ਼ਾਮਲ ਹੋਣ ਲਈ ਤਿੰਨ ਪੰਜਾਬੀਆਂ ਨੂੰ ਸਜ਼ਾ ਸੁਣਾਈ ਗਈ ਹੈ। ਕੈਨੇਡੀਅਨ ਮੀਡੀਆ ਰਿਪੋਰਟਾਂ ਅਨੁਸਾਰ, ਤਰਨਵੀਰ ਸਿੰਘ (ਘਟਨਾ ਵੇਲੇ ਉਮਰ 19 ਸਾਲ), ਹਰਜੋਤ ਸਿੰਘ (ਉਮਰ 21 ਸਾਲ) ਅਤੇ ਦਯਾਜੀਤ ਸਿੰਘ ਬਿਲਿੰਗ (ਉਮਰ 21 ਸਾਲ) ਨੇ 9 ਜੂਨ ਨੂੰ ਸਰੀ ਪ੍ਰੋਵਿੰਸ਼ੀਅਲ ਕੋਰਟ ਵਿਚ ਆਪਣਾ ਗੁਨਾਹ ਕਬੂਲ ਕਰ ਲਿਆ ਹੈ। ਇਸ ਤੋਂ ਪਹਿਲਾਂ ਕੈਨੇਡਾ ਪੁਲਿਸ ਨੇ ਇਨ੍ਹਾਂ ਦੀਆਂ ਤਸਵੀਰਾਂ ਬਿਨਾਂ ਪੱਗਾਂ (ਪਗੜੀ) ਤੋਂ ਜਾਰੀ ਕੀਤੀਆਂ ਸਨ, ਜਿਸ ਵਿਚ ਨੌਜਵਾਨਾਂ ਦੇ ਚਿਹਰਿਆਂ 'ਤੇ ਸੱਟਾਂ ਦੇ ਨਿਸ਼ਾਨ ਸਨ। ਇਸ ਕਾਰਨ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਅਤੇ ਉਨ੍ਹਾਂ ਦੇ ਧਰਮ ਦੇ ਨਿਰਾਦਰ ਨੂੰ ਲੈ ਕੇ ਇੱਕ ਵਿਵਾਦ ਖੜ੍ਹਾ ਹੋ ਗਿਆ ਸੀ। ਸੀ.ਟੀ.ਵੀ. ਨਿਊਜ਼ ਰਿਪੋਰਟ ਮੁਤਾਬਕ, 'ਤਰਨਵੀਰ ਸਿੰਘ ਨੇ ਲਾਪ੍ਰਵਾਹੀ ਨਾਲ ਹਥਿਆਰ ਚਲਾਉਣ ਦਾ ਗੁਨਾਹ ਕਬੂਲ ਕੀਤਾ ਅਤੇ ਉਸ ਨੂੰ ਪੰਜ ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ। ਪਹਿਲਾਂ ਕੱਟ ਚੁੱਕੇ ਜੇਲ੍ਹ ਦੇ ਸਮੇਂ ਨੂੰ ਘਟਾਉਣ ਤੋਂ ਬਾਅਦ, ਉਹ ਹੁਣ ਸਲਾਖਾਂ ਪਿੱਛੇ ਲਗਪਗ 4.5 ਸਾਲ ਹੋਰ ਬਿਤਾਏਗਾ। ਦਯਾਜੀਤ ਬਿਲਿੰਗ ਅਤੇ ਹਰਜੋਤ ਸਿੰਘ ਦੋਵਾਂ ਨੇ ਕੋਈ ਵਿਸਫੋਟਕ ਪਦਾਰਥ ਸੁੱਟਣ ਦਾ ਗੁਨਾਹ ਕਬੂਲ ਕੀਤਾ ਹੈ ਅਤੇ ਉਨ੍ਹਾਂ ਨੂੰ ਦੋ-ਦੋ ਸਾਲ ਤੋਂ ਕੁਝ ਵੱਧ ਦੀ ਸਜ਼ਾ ਸੁਣਾਈ ਗਈ ਹੈ। ਪਹਿਲਾਂ ਕੱਟੇ ਗਏ ਜੇਲ੍ਹ ਦੇ ਸਮੇਂ ਦਾ ਕ੍ਰੈਡਿਟ ਮਿਲਣ ਤੋਂ ਬਾਅਦ, ਬਿਲਿੰਗ 20 ਮਹੀਨੇ ਹੋਰ ਜੇਲ੍ਹ ਵਿਚ ਬਿਤਾਏਗਾ, ਜਦੋਂ ਕਿ ਹਰਜੋਤ ਸਿੰਘ 18 ਮਹੀਨੇ ਹੋਰ ਸਜ਼ਾ ਕੱਟੇਗਾ, ਜਿਸ ਤੋਂ ਬਾਅਦ ਦੋਵਾਂ ਨੂੰ ਦੋ-ਦੋ ਸਾਲ ਦੀ ਪ੍ਰੋਬੇਸ਼ਨ (ਨਿਗਰਾਨੀ) 'ਤੇ ਰੱਖਿਆ ਜਾਵੇਗਾ।'

ਇਹ ਘਟਨਾ 1 ਫਰਵਰੀ 2026 ਦੀ ਸਵੇਰ ਨੂੰ ਵਾਪਰੀ ਸੀ, ਜਦੋਂ ਸਰੀ ਦੇ ਕ੍ਰੀਸੈਂਟ ਬੀਚ ਇਲਾਕੇ ਵਿਚ ਕ੍ਰੀਸੈਂਟ ਰੋਡ ਅਤੇ 132 ਸਟ੍ਰੀਟ ਦੇ ਨੇੜੇ ਇੱਕ ਘਰ 'ਤੇ ਗੋਲੀਆਂ ਚਲਾਈਆਂ ਗਈਆਂ ਸਨ ਅਤੇ ਰਿਹਾਇਸ਼ ਦੇ ਬਾਹਰ ਇੱਕ ਛੋਟੀ ਜਿਹੀ ਅੱਗ ਲੱਗਣ ਦੀ ਵੀ ਖ਼ਬਰ ਸੀ। ਇਸ ਘਟਨਾ ਵਿਚ ਕੋਈ ਜ਼ਖਮੀ ਨਹੀਂ ਹੋਇਆ ਸੀ। ਸਰੀ ਪੁਲਿਸ ਸਰਵਿਸ ਨੇ ਇਸ ਹਮਲੇ ਨੂੰ ਇਲਾਕੇ ਵਿਚ ਚੱਲ ਰਹੀਆਂ ਜ਼ਬਰਨ ਵਸੂਲੀ ਦੀਆਂ ਧਮਕੀਆਂ ਨਾਲ ਜੋੜਿਆ ਸੀ। ਸੀ.ਟੀ.ਵੀ. ਨਿਊਜ਼ ਨੇ ਦੱਸਿਆ: "ਬ੍ਰਿਟਿਸ਼ ਕੋਲੰਬੀਆ ਦੇ ਸਰੀ ਵਿਚ ਇੱਕ ਘਰ ਨੂੰ ਸ਼ੱਕੀ ਜ਼ਬਰਨ ਵਸੂਲੀ ਦੇ ਹਮਲੇ ਵਿਚ ਗੋਲੀਬਾਰੀ ਦਾ ਨਿਸ਼ਾਨਾ ਬਣਾਏ ਜਾਣ ਦੇ ਮਹੀਨਿਆਂ ਬਾਅਦ, ਤਿੰਨ ਵਿਦੇਸ਼ੀ ਨਾਗਰਿਕਾਂ ਨੂੰ ਜੇਲ੍ਹ ਦੀ ਸਜ਼ਾ ਸੁਣਾਈ ਗਈ ਹੈ। ਤਿੰਨਾਂ ਸ਼ੱਕੀਆਂ ਨੂੰ ਪੈਦਲ ਭੱਜਣ ਦੀ ਕੋਸ਼ਿਸ਼ ਕਰਨ ਅਤੇ ਫਿਰ ਇੱਕ ਰਾਈਡ-ਸ਼ੇਅਰ (ਟੈਕਸੀ) ਵਾਹਨ ਵਿਚ ਸਵਾਰ ਹੋਣ ਤੋਂ ਬਾਅਦ ਗ੍ਰਿਫ਼ਤਾਰ ਕੀਤਾ ਗਿਆ ਸੀ।" ਇਹ




ਤਿੰਨੋਂ ਪੰਜਾਬੀ ਹਨ ਅਤੇ ਇਨ੍ਹਾਂ ਨੂੰ ਘਟਨਾ ਦੇ ਤੁਰੰਤ ਬਾਅਦ ਸਰੀ ਪੁਲਿਸ ਸਰਵਿਸ ਦੇ 'ਪ੍ਰੋਜੈਕਟ ਐਸ਼ੋਰੈਂਸ ਐਂਟੀ-ਐਕਸਟੋਰਸ਼ਨ ਪੈਟਰੋਲ' ਅਤੇ 'ਮੇਜਰ ਕ੍ਰਾਈਮ ਸੈਕਸ਼ਨ' ਦੇ ਅਧਿਕਾਰੀਆਂ ਵੱਲੋਂ ਗ੍ਰਿਫ਼ਤਾਰ ਕੀਤਾ ਗਿਆ ਸੀ। ਪੁਲਿਸ ਨੇ ਉਨ੍ਹਾਂ ਨੂੰ ਵਿਦੇਸ਼ੀ ਨਾਗਰਿਕ ਦੱਸਿਆ ਸੀ ਅਤੇ ਇਸ ਮਾਮਲੇ ਵਿਚ ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ (ਸੀ.ਬੀ.ਐੱਸ.ਏ.) ਨੂੰ ਵੀ ਸ਼ਾਮਲ ਕੀਤਾ ਸੀ। ਇਹ ਨੌਜਵਾਨ ਕੈਨੇਡਾ ਵਿਚ ਆਪਣੀ ਸਜ਼ਾ ਪੂਰੀ ਕਰਨਗੇ, ਜਿਸ ਤੋਂ ਬਾਅਦ ਉਨ੍ਹਾਂ ਨੂੰ ਦੇਸ਼ ਨਿਕਾਲਾ ਦੇਣ ਦੀ ਕਾਰਵਾਈ ਸ਼ੁਰੂ ਹੋ ਸਕਦੀ ਹੈ।

ਡਰਾਈਵਰ ਦੀ ਜ਼ਿੰਦਗੀ ਦੇ
2 ਸਭ ਤੋਂ ਵੱਡੇ ਦੁਸ਼ਮਣ ਕੌਣ?
ਕਾਗਜ਼ ਤੇ ਘਾਣ ਦਾ ਇਨਵੌਇਸ!



# ਇਨਵੌਇਸ ਬਣਾਓ ਆਸਾਨ, ਤੇ ਚਲੋ ਬੱਸ ਮਸਤਾਨ!

ਘੱਟ ਕਾਗਜ਼ੀ ਕੰਮ. ਹੋਰ ਕਿਲੋਮੀਟਰ. ਇਨਵੌਇਸ ਸਮਾਰਟ ਬਣਾਓ **Traki** ਨਾਲ.

**ਕਾਗਜ਼ ਸੰਭਾਲੋ**
ਫੋਟੋ, PDF ਤੇ ਆਪਣੇ ਡੌਕੂਮੈਂਟ ਇਕੱਤਰ ਰੱਖੋ.

INVOICE
**ਇਨਵੌਇਸ ਬਣਾਓ**
AI ਮਦਦ ਨਾਲ ਆਟੋ ਫਿਲ ਅਤੇ ਪੇਸ਼ੇਵਰ ਇਨਵੌਇਸ ਤਿਆਰ.

**ਕਮਾਈ ਵਧਾਓ**
ਰਿਪੋਰਟ ਵੇਖੋ, ਕਮਾਈ ਟ੍ਰੈਕ ਕਰੋ, ਤੇ ਟਾਈਮ ਬਚਾਓ.

**ਅੱਜ ਹੀ ਸ਼ੁਰੂ ਕਰੋ!**
**3 ਦਿਨ ਦਾ ਮੁਫ਼ਤ TRIAL ਮਿਲੇਗਾ!**
ਟਰਾਈ ਕਰੋ, ਪਸੰਦ ਆਇਆ ਤਾਂ ਅੱਗੇ ਵਧੋ!

QR ਸਕੈਨ ਕਰੋ ਤੇ Traki ਡਾਊਨਲੋਡ ਕਰੋ ਹੁਣੇ!

**ਟਾਈਮ ਬਚਾਓ**
ਕਾਗਜ਼ੀ ਕੰਮ ਘੱਟ, ਡਰਾਈਵ ਵੱਧ.

**ਗਲਤੀ ਘੱਟ**
ਆਟੋਮੈਟਿਕ ਫਿਲ ਤੇ ਸਹੀ ਇਨਵੌਇਸ.

**ਆਫਲਾਈਨ ਕੰਮ**
ਇੰਟਰਨੈੱਟ ਬਿਨ੍ਹਾਂ ਵੀ ਸਭ ਕੁਝ ਚੱਲਦਾ.

**ਸਭ ਕੁਝ ਇੱਕ ਜਗ੍ਹਾ**
ਡੌਕੂਮੈਂਟ, ਇਨਵੌਇਸ ਤੇ ਰਿਪੋਰਟ – ਸਭ ਨਾਲ.

ਹੋਰ ਜਾਣਕਾਰੀ ਲਈ ਵੇਖੋ | TRAKIAPP.COM

**TRAKI**
ਡਰਾਈਵਰ ਦਾ ਅਸਲੀ ਯਾਰ.


SAN MARCO TEEYAN BAY POINT
PROUDLY PRESENTS ( NON PROFIT)
9TH ANNUAL WOMEN'S FESTIWAL
FETURING : GIDHA, DANCE, SKITS, SONGS, LIVE DJ AND MUCH MORE
San Marco Teeyan
ON SUNDAY JULY 12TH 2026
AMBROSE COMMUNITY CENTER 12 PM TO 6 PM
3105 WILLOW PASS RD , BAY POINT CA 94565
Host
PREETO SAWHNEY
JEWELRY AND CLOTHING STALLS
RAFFLE DRAWING FOR GOLD ITEMS AND MORE PRIZES
Free Entry
Free Parking
PHOTO & VIDEOGRAPHY BY
PAL FILMS PRODUCTION
341 356 1517
GRAND SPONSOR
CHINNA JEWELERS
FOR MORE INFO & PARTICIPATION CALL
SONIA WALIA 925-565-6058
PARAMJIT NOKWAL 925-323-2523
HARPREET SUTTI 925-464-3414
FOOD BY
DOSA PLACE


ONLY WAY TO GROW YOUR BUSINESS FASTER
BNG
(Business Network Gateway)
We work for you to
Boost Your Business
VIDEO ADVERTISEMENTS
We make professional video advertisements for your business in Punjabi, Hindi & English
POSTERS DESIGN
We design flyers, Posters and Post Cards to promote your business
BUSINESS CARD DESIGN
WE DESIGN YOUR BUSINESS CARD
SOCIAL MEDIA HANDLERS
We can manage your Business social media handlers Facebook, instagram & YouTube
24/7 TECH SUPPORT
We provide 24/7 tech support
CUSTOMER SERVICE
For more information call
Boota Singh Basi +1 (209) 303-1260

# ਮੁੱਖ ਮੰਤਰੀ ਦੇਵੇਂਦਰ ਫੜਨਵੀਸ ਵੱਲੋਂ ਮੰਤਰੀ ਗਿਰੀਸ਼ ਮਹਾਜਨ ਦੇ ਮਹਿਤਾ ਚੌਕ 'ਚ ਦਿੱਤੇ ਭਾਸ਼ਣ ਦਾ ਸਮਰਥਨ ਸ਼ਲਾਘਾਯੋਗ: ਪ੍ਰੋ. ਸਰਚਾਂਦ ਸਿੰਘ ਖਿਆਲਾ

ਅੰਮ੍ਰਿਤਸਰ
ਡਾ.ਰਾਜਿੰਦਰ ਰਿਖੀ



ਭਾਜਪਾ ਪੰਜਾਬ ਦੇ ਬੁਲਾਰੇ ਤੇ ਸਿੱਖ ਚਿੰਤਕ ਪ੍ਰੋ. ਸਰਚਾਂਦ ਸਿੰਘ ਖਿਆਲਾ ਨੇ ਕਿਹਾ ਹੈ ਕਿ ਮਹਾਰਾਸ਼ਟਰ ਦੇ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਵੱਲੋਂ ਆਪਣੇ ਮੰਤਰੀ ਮੰਡਲ ਦੇ ਸਾਥੀ ਮੰਤਰੀ ਗਿਰੀਸ਼ ਮਹਾਜਨ ਦੇ ਹੱਕ ਵਿੱਚ ਦਿੱਤਾ ਗਿਆ ਸਪੱਸ਼ਟ ਅਤੇ ਦ੍ਰਿੜ੍ਹ ਸਮਰਥਨ ਸ਼ਲਾਘਾ ਦੇ ਯੋਗ ਹੈ। ਉਨ੍ਹਾਂ ਕਿਹਾ ਕਿ ਦਮਦਮੀ ਟਕਸਾਲ ਦੇ ਮੁੱਖ ਦਫ਼ਤਰ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼, ਮਹਿਤਾ ਚੌਕ ਵਿਖੇ ਆਯੋਜਿਤ ਸ਼ਹੀਦੀ ਸਮਾਗਮ ਦੌਰਾਨ ਸ੍ਰੀ ਮਹਾਜਨ ਵੱਲੋਂ ਦਿੱਤੇ ਗਏ ਸੰਬੋਧਨ ਸਬੰਧੀ ਮੁੱਖ ਮੰਤਰੀ ਫੜਨਵੀਸ ਦਾ ਬੇਬਾਕੀ ਨਾਲ ਇਹ ਕਹਿਣਾ ਕਿ ਇਸ ਵਿੱਚ "ਕੁਝ ਵੀ ਗ਼ਲਤ ਨਹੀਂ ਸੀ", ਸਿੱਖ ਭਾਈਚਾਰੇ ਦੀਆਂ ਭਾਵਨਾਵਾਂ ਪ੍ਰਤੀ ਉਨ੍ਹਾਂ ਦੀ ਸੰਵੇਦਨਸ਼ੀਲਤਾ ਅਤੇ ਨੈਤਿਕ ਸਪਸ਼ਟਤਾ ਨੂੰ ਦਰਸਾਉਂਦਾ ਹੈ।

ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਫੜਨਵੀਸ ਵੱਲੋਂ ਜੂਨ 1984 ਦੀਆਂ ਦੁਖਦਾਈ ਘਟਨਾਵਾਂ ਅਤੇ ਉਸ ਤੋਂ ਬਾਅਦ ਹੋਏ ਸਿੱਖ ਵਿਰੋਧੀ ਹਿੰਸਕ ਘਟਨਾਕ੍ਰਮ ਬਾਰੇ ਖੁੱਲ੍ਹ ਕੇ ਆਪਣੀ ਗੱਲ ਰੱਖਣਾ ਇੱਕ ਜ਼ਿੰਮੇਵਾਰ, ਸੰਵੇਦਨਸ਼ੀਲ, ਦ੍ਰਿੜ੍ਹ ਇੱਛਾ-ਸ਼ਕਤੀ ਰੱਖਣ ਵਾਲੇ ਅਤੇ ਸਿਧਾਂਤਾਂ ਪ੍ਰਤੀ ਵਚਨਬੱਧ ਰਾਜਨੇਤਾ ਦੀ ਵਿਲੱਖਣ ਪਹਿਚਾਣ ਹੈ। ਉਨ੍ਹਾਂ ਕਿਹਾ ਕਿ ਅੱਜ ਦੇ ਸਮੇਂ ਵਿੱਚ ਰਾਜਨੀਤਿਕ ਅਵਸਰਵਾਦ ਤੋਂ ਉੱਪਰ ਉੱਠ ਕੇ ਪੀੜਤ ਭਾਈਚਾਰੇ ਦੇ ਦਰਦ ਨੂੰ ਸਮਝਣ ਵਾਲੇ ਆਪਣੇ ਸਾਥੀ ਮੰਤਰੀ ਮਹਾਜਨ ਨਾਲ ਚਟਾਨ ਵਾਂਗ ਸਾਬਤ ਕਦਮੀ ਖੜ੍ਹੇ ਰਹਿਣਾ ਹਰ ਕਿਸੇ ਸਿਆਸੀ ਆਗੂ ਦੇ ਵੱਸ ਦੀ ਗੱਲ ਨਹੀਂ ਹੁੰਦੀ। ਪ੍ਰੋ. ਖਿਆਲਾ ਨੇ ਕਿਹਾ ਕਿ ਫੜਨਵੀਸ ਅਤੇ ਮਹਾਜਨ ਵੱਲੋਂ 'ਹਾਅ' ਦਾ ਨਾਅਰਾ ਮਾਰਦਿਆਂ ਸਿੱਖ ਭਾਈਚਾਰੇ ਨਾਲ ਪ੍ਰਗਟਾਈ ਗਈ ਇਹ ਇੱਕਜੁੱਟਤਾ ਦਮਦਮੀ ਟਕਸਾਲ ਦੇ ਮੁਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ ਜੀ ਦੀ ਦੂਰਅੰਦੇਸ਼ੀ ਸੋਚ ਦਾ ਵੀ ਪ੍ਰਤੀਕ ਹੈ, ਜਿਨ੍ਹਾਂ ਨੇ ਸਿੱਖਾਂ ਅਤੇ ਹਿੰਦੂਆਂ ਦਰਮਿਆਨ ਆਪਸੀ ਸਮਝ, ਸਤਿਕਾਰ ਅਤੇ ਸਦਭਾਵਨਾ ਦਾ ਮਾਹੌਲ ਸਿਰਜਣ ਲਈ ਨਿਰੰਤਰ ਯਤਨ ਕੀਤੇ ਹਨ। ਉਨ੍ਹਾਂ ਕਿਹਾ ਕਿ ਦਮਦਮੀ ਟਕਸਾਲ ਅਤੇ ਭਾਜਪਾ ਮਿਲ ਕੇ ਪੰਜਾਬ ਅਤੇ ਦੇਸ਼ ਭਰ ਵਿੱਚ ਹਿੰਦੂ-ਸਿੱਖ ਭਾਈਚਾਰਕ ਸਾਂਝ ਅਤੇ ਸਮਾਜਿਕ ਸਦਭਾਵਨਾ ਨੂੰ ਹੋਰ ਮਜ਼ਬੂਤ ਕਰਨ ਲਈ ਯਤਨਸ਼ੀਲ ਰਹਿਣਗੇ।

ਪ੍ਰੋ. ਸਰਚਾਂਦ ਸਿੰਘ ਖਿਆਲਾ ਨੇ ਕਿਹਾ ਕਿ ਇਹ ਪਹਿਲੀ ਵਾਰ ਨਹੀਂ ਹੈ ਕਿ ਕਿਸੇ ਸੀਨੀਅਰ ਭਾਜਪਾ ਆਗੂ ਅਤੇ ਸੂਬੇ ਦੇ ਪ੍ਰਭਾਵਸ਼ਾਲੀ ਮੰਤਰੀ ਨੇ ਸ੍ਰੀ ਦਰਬਾਰ ਸਾਹਿਬ ਤੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਇੰਦਰਾ ਗਾਂਧੀ ਵੱਲੋਂ ਧੱਕੇ ਨਾਲ ਕੀਤੀ ਗਈ ਫ਼ੌਜੀ ਕਾਰਵਾਈ ਨੂੰ 'ਹਮਲਾ' ਕਿਹਾ ਹੋਵੇ। ਇਸ ਤੋਂ ਪਹਿਲਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ 10 ਅਗਸਤ 2023 ਨੂੰ ਸੰਸਦ ਵਿੱਚ ਇਸ ਵਰਤਾਰੇ ਨੂੰ 'ਹਮਲਾ' ਕਰਾਰ ਦੇ ਚੁੱਕੇ ਹਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਦਾ ਦ੍ਰਿੜ੍ਹ ਸੰਕਲਪ ਇਸ ਗੱਲ ਦਾ ਮਹੱਤਵਪੂਰਨ ਸੰਦੇਸ਼ ਹੈ ਕਿ ਇਤਿਹਾਸ ਦੇ ਕਾਲੇ ਅਧਿਆਵਾਂ ਨੂੰ ਰਾਜਨੀਤਿਕ ਸਹੂਲਤ ਦੇ ਨਾਮ 'ਤੇ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕਿਹਾ ਕਿ ਜੂਨ 1984 ਦੀਆਂ ਘਟਨਾਵਾਂ ਅਤੇ ਉਸ ਤੋਂ ਬਾਅਦ ਹੋਏ ਸਿੱਖ ਵਿਰੋਧੀ ਦੰਗਿਆਂ ਨੇ ਸਿੱਖ ਮਨ 'ਤੇ ਡੂੰਘੇ ਅਤੇ ਸਥਾਈ ਜ਼ਖ਼ਮ ਛੱਡੇ ਹਨ। ਅੱਜ ਵੀ ਹਜ਼ਾਰਾਂ ਪਰਿਵਾਰ ਇਨਸਾਫ਼ ਦੀ ਉਡੀਕ ਕਰ ਰਹੇ ਹਨ। ਅਜਿਹੇ ਸਮੇਂ ਵਿੱਚ ਜਦੋਂ ਦੇਸ਼ ਦਾ ਕੋਈ ਮੁੱਖ ਮੰਤਰੀ ਨਿਡਰ ਹੋ ਕੇ ਇਨ੍ਹਾਂ ਵਧੀਕੀਆਂ ਦੀ ਨਿੰਦਾ ਕਰਦਾ ਹੈ, ਤਾਂ ਇਹ ਸਿਰਫ਼ ਇੱਕ ਰਾਜਨੀਤਿਕ ਬਿਆਨ ਨਹੀਂ ਰਹਿੰਦਾ, ਸਗੋਂ ਇਤਿਹਾਸਕ ਸੱਚ ਦੀ ਨੈਤਿਕ ਪ੍ਰਮਾਣਿਕਤਾ ਅਤੇ ਨਿਆਂ ਦੇ ਹੱਕ ਵਿੱਚ ਇੱਕ ਸਿਧਾਂਤਕ ਸਟੈਂਡ ਬਣ ਜਾਂਦਾ ਹੈ। ਪ੍ਰੋ. ਖਿਆਲਾ ਨੇ ਕਿਹਾ ਕਿ ਫੜਨਵੀਸ ਵੱਲੋਂ ਕਾਂਗਰਸ ਦੀ ਅਗਵਾਈ ਹੇਠ ਸਿੱਖਾਂ 'ਤੇ ਦਿੱਲੀ, ਪੰਜਾਬ ਅਤੇ ਦੇਸ਼ ਦੇ ਹੋਰ ਹਿੱਸਿਆਂ ਵਿੱਚ ਕਦੇ ਵੀ ਨਾ ਭੁਲਾਏ ਜਾ ਸਕਣ ਵਾਲੇ ਕਤਲੇਆਮ ਅਤੇ ਅੱਤਿਆਚਾਰਾਂ ਖ਼ਿਲਾਫ਼ ਆਵਾਜ਼ ਬੁਲੰਦ ਕਰਦਿਆਂ ਕਾਂਗਰਸ ਦਾ ਜ਼ਿੰਦਗੀ ਦੇ ਆਖ਼ਰੀ ਸਾਹ ਤੱਕ ਵਿਰੋਧ ਕਰਨ ਸਬੰਧੀ ਪ੍ਰਗਟਾਈ ਗਈ ਵਚਨਬੱਧਤਾ ਕਰੋੜਾਂ ਸਿੱਖ ਮਨਾਂ ਨੂੰ ਡੂੰਘਾਈ ਤੱਕ ਛੂਹਣ ਵਾਲੀ ਹੈ। ਫੜਨਵੀਸ, ਸਿੱਖਾਂ ਦੇ ਦਰਦ ਦੀ ਆਵਾਜ਼ ਬਣਦਿਆਂ, ਅੱਜ ਲੱਖਾਂ-ਕਰੋੜਾਂ ਸਿੱਖਾਂ ਦੀਆਂ ਭਾਵਨਾਵਾਂ, ਪੀੜਾ ਅਤੇ ਨਿਆਂ ਦੀ ਆਸ ਦੇ ਤਰਜਮਾਨ ਬਣ ਕੇ ਉੱਭਰੇ ਹਨ। ਪ੍ਰੋ. ਖਿਆਲਾ ਨੇ ਕਿਹਾ ਕਿ ਮੁੱਖ ਮੰਤਰੀ ਫੜਨਵੀਸ ਨੇ ਆਪਣੇ ਸੰਬੋਧਨ ਵਿੱਚ ਮੰਤਰੀ ਗਿਰੀਸ਼ ਮਹਾਜਨ ਵੱਲੋਂ ਸਿੱਖ ਕੌਮ ਦੇ ਗੌਰਵਮਈ ਇਤਿਹਾਸ ਅਤੇ ਭਾਰਤ ਦੀ ਆਜ਼ਾਦੀ, ਰਾਸ਼ਟਰੀ ਸੁਰੱਖਿਆ, ਖੇਤੀਬਾੜੀ, ਉਦਯੋਗ ਅਤੇ ਰਾਸ਼ਟਰ ਨਿਰਮਾਣ ਵਿੱਚ ਉਸ ਦੇ ਅਦੁੱਤੀ ਯੋਗਦਾਨ ਦਾ ਜ਼ਿਕਰ ਕੀਤੇ ਜਾਣ ਦੀ ਸ਼ਲਾਘਾ ਕੀਤੀ। ਉਨ੍ਹਾਂ ਨੇ ਸਿੱਖ ਭਾਈਚਾਰੇ ਨੂੰ ਰਾਸ਼ਟਰੀ ਮੁੱਖ ਧਾਰਾ ਨਾਲ ਹੋਰ ਮਜ਼ਬੂਤੀ ਨਾਲ ਜੋੜਨ ਲਈ ਭਾਰਤ ਸਰਕਾਰ ਵੱਲੋਂ ਕੀਤੇ ਜਾ ਰਹੇ ਯਤਨਾਂ ਦਾ ਵੀ ਹਵਾਲਾ ਦਿੱਤਾ ਅਤੇ ਪੰਜਾਬ ਵਿੱਚ ਨਸ਼ਿਆਂ ਦੀ ਵਧ ਰਹੀ ਸਮੱਸਿਆ ਪ੍ਰਤੀ ਚਿੰਤਾ ਜ਼ਾਹਿਰ ਕੀਤੀ। ਪ੍ਰੋ. ਖਿਆਲਾ ਨੇ ਕਿਹਾ ਕਿ ਜਿਨ੍ਹਾਂ ਲੋਕਾਂ ਨੇ ਆਪਣੇ ਪਿਆਰਿਆਂ ਨੂੰ ਗੁਆਇਆ ਹੈ, ਉਨ੍ਹਾਂ ਪ੍ਰਤੀ ਸੱਚੀ ਸ਼ਰਧਾਂਜਲੀ ਇਹੀ ਹੋਵੇਗੀ ਕਿ ਇਤਿਹਾਸ ਦੇ ਇਨ੍ਹਾਂ ਦੁਖਦਾਈ ਅਧਿਆਵਾਂ ਨੂੰ ਭੁਲਾਇਆ ਨਾ ਜਾਵੇ, ਸਗੋਂ ਉਨ੍ਹਾਂ ਤੋਂ ਸਬਕ ਲੈ ਕੇ ਭਵਿੱਖ ਵਿੱਚ ਅਜਿਹੀਆਂ ਤ੍ਰਾਸਦੀਆਂ ਦੀ ਦੁਹਰਾਈ ਨੂੰ ਰੋਕਿਆ ਜਾਵੇ। ਪ੍ਰਭਾਵਿਤ ਪਰਿਵਾਰਾਂ ਦੇ ਦੁੱਖ ਨੂੰ ਸਮਝਣਾ ਅਤੇ ਉਨ੍ਹਾਂ ਨੂੰ ਨਿਆਂ ਦਿਵਾਉਣ ਲਈ ਵਚਨਬੱਧ ਰਹਿਣਾ ਹੀ ਕਿਸੇ ਵੀ ਲੋਕਤੰਤਰੀ ਵਿਵਸਥਾ ਦੀ ਅਸਲ ਕਸੌਟੀ ਹੈ। ਉਨ੍ਹਾਂ ਕਿਹਾ ਕਿ ਸਿੱਖ ਕੌਮ ਨੇ ਹਮੇਸ਼ਾ ਭਾਰਤ ਦੀ ਏਕਤਾ, ਅਖੰਡਤਾ ਅਤੇ ਤਰੱਕੀ ਵਿੱਚ ਵਿਲੱਖਣ ਅਤੇ ਮਹੱਤਵਪੂਰਨ ਯੋਗਦਾਨ ਪਾਇਆ ਹੈ। ਇਸ ਲਈ ਸਿੱਖਾਂ ਦੀਆਂ ਭਾਵਨਾਵਾਂ ਦਾ ਸਤਿਕਾਰ ਕਰਨਾ ਅਤੇ ਉਨ੍ਹਾਂ ਦੇ ਇਤਿਹਾਸਕ ਅਨੁਭਵਾਂ ਅਤੇ ਪੀੜਾ ਨੂੰ ਸੰਵੇਦਨਸ਼ੀਲਤਾ ਨਾਲ ਸਮਝਣਾ ਸਮੇਂ ਦੀ ਲੋੜ ਹੋਣ ਦੇ ਨਾਲ-ਨਾਲ ਇੱਕ ਨੈਤਿਕ ਜ਼ਿੰਮੇਵਾਰੀ ਵੀ ਹੈ।

# ਕਿਸ਼ੋਰਾਂ ਨੂੰ ਮਿਲਿਆ ਸਫਲਤਾ ਦਾ ਮੰਤਰ: ਮੋਬਾਈਲ ਦੀ ਦੁਨੀਆ ਤੋਂ ਨਿਕਲ ਕੇ ਜੀਵਨ ਦੇ ਲਕਸ਼ 'ਤੇ ਕਰੋ ਫੋਕਸ

ਅੰਮ੍ਰਿਤਸਰ
ਸਾਂਝੀ ਸੋਚ ਬਿਊਰੋ

'ਦਿਵਯ ਜਯੋਤੀ ਜਾਗ੍ਰਤੀ ਸੰਸਥਾਨ' ਅੰਮ੍ਰਿਤਸਰ ਵੱਲੋਂ 11 ਤੋਂ 18 ਸਾਲ ਦੇ ਬੱਚਿਆਂ ਲਈ ਸਮਰ ਉਤਸਵ ਦਾ ਆਯੋਜਨ ਕੀਤਾ ਗਿਆ। ਇਸ ਦੌਰਾਨ ਅੱਜ ਦੇ ਡਿਜ਼ਿਟਲ ਯੁੱਗ ਵਿੱਚ ਕਿਸ਼ੋਰਾਂ ਨੂੰ ਸਹੀ ਦਿਸ਼ਾ ਪ੍ਰਦਾਨ ਕਰਨ ਦੇ ਉਦੇਸ਼ ਨਾਲ ਆਯੋਜਿਤ ਵਿਸ਼ੇਸ਼ ਪ੍ਰੇਰਣਾਦਾਇਕ ਸੈਸ਼ਨ "ਡਿਸਟ੍ਰੈਕਸ਼ਨ ਤੋਂ ਡਾਇਰੈਕਸ਼ਨ" ਵਿੱਚ ਵਿਦਿਆਰਥੀਆਂ ਨੇ ਭਾਗ ਲਿਆ। ਵਰਕਸ਼ਾਪ ਦਾ ਉਦੇਸ਼ ਕਿਸ਼ੋਰਾਂ ਨੂੰ ਸੋਸ਼ਲ ਮੀਡੀਆ, ਮੋਬਾਈਲ ਅਤੇ ਹੋਰ ਭਟਕਾਵਾਂ ਤੋਂ ਬਚਾ ਕੇ ਉਨ੍ਹਾਂ ਦੀ ਸ਼ਖਸੀਅਤ, ਚਰਿੱਤਰ ਅਤੇ ਕਰੀਅਰ ਚੋਣ ਵਿੱਚ ਉਨ੍ਹਾਂ ਦੀ ਰੁਚੀ ਅਤੇ ਹੁਨਰ ਨੂੰ ਤਰਜੀਹ ਦੇਣਾ ਅਤੇ ਲੀਡਰਸ਼ਿਪ ਸਮਰੱਥਾ ਦਾ ਵਿਕਾਸ ਕਰਨਾ ਸੀ। ਸੰਸਥਾਨ ਦੇ ਸੰਸਥਾਪਕ ਅਤੇ ਸੰਚਾਲਕ 'ਦਿਵਯ ਗੁਰੂ ਸ਼੍ਰੀ ਆਸ਼ੂਤੋਸ਼ ਮਹਾਰਾਜ ਜੀ' ਦੀ ਸੇਵਿਕਾ ਸਾਧਵੀ ਰਾਜਵਿੰਦਰ ਭਾਰਤੀ ਜੀ ਨੇ ਨੌਜਵਾਨਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਕਰੀਅਰ ਵਿੱਚ ਸਫਲਤਾ ਹਾਸਲ ਕਰਨ ਲਈ ਅਨੁਸ਼ਾਸਨ, ਫੋਕਸ ਅਤੇ ਸਕਾਰਾਤਮਕ ਸੋਚ ਬਹੁਤ ਜ਼ਰੂਰੀ ਹਨ। ਉਨ੍ਹਾਂ ਨੇ ਨੌਜਵਾਨਾਂ ਨੂੰ ਆਪਣੇ



ਕਮਫਰਟ ਜ਼ੋਨ ਤੋਂ ਬਾਹਰ ਨਿਕਲ ਕੇ ਚੁਣੌਤੀਆਂ ਨੂੰ ਸਵੀਕਾਰ ਕਰਨ ਲਈ ਪ੍ਰੇਰਿਤ ਕੀਤਾ ਅਤੇ ਕਿਹਾ ਕਿ ਇਹੀ ਚੁਣੌਤੀਆਂ ਜੀਵਨ ਨੂੰ ਨਵੀਂ ਦਿਸ਼ਾ ਦਿੰਦੀਆਂ ਹਨ। ਆਤਮ-ਵਿਸ਼ਵਾਸ, ਲਗਾਤਾਰ ਮਿਹਨਤ ਅਤੇ ਸਹੀ ਦ੍ਰਿਸ਼ਟੀਕੋਣ ਨਾਲ ਹਰ ਲਕਸ਼ ਪ੍ਰਾਪਤ ਕੀਤਾ ਜਾ ਸਕਦਾ ਹੈ। ਉਨ੍ਹਾਂ ਨੇ ਇਸ ਗੱਲ 'ਤੇ ਵੀ ਜ਼ੋਰ ਦਿੱਤਾ ਕਿ ਜੀਵਨ ਅਨਮੋਲ ਹੈ ਅਤੇ ਹਰ ਹਾਲਤ ਵਿੱਚ ਅੱਗੇ ਵਧਦੇ ਰਹਿਣਾ ਹੀ ਅਸਲ ਸਫਲਤਾ ਦੀ ਪਹਿਚਾਣ ਹੈ। ਸਾਧਵੀ ਜੀ ਨੇ ਵਿਦਿਆਰਥੀਆਂ ਨੂੰ ਜੀਵਨ ਦੇ ਮਹੱਤਵਪੂਰਨ ਫ਼ੈਸਲੇ ਲੈਂਦੇ ਸਮੇਂ ਕੇਵਲ ਪਰਿਵਾਰਕ, ਸਮਾਜਿਕ ਜਾਂ ਦੋਸਤਾਂ ਦੇ ਦਬਾਅ ਹੇਠ ਨਾ ਆਉਣ ਦੀ ਸਲਾਹ ਦਿੱਤੀ।

ਉਨ੍ਹਾਂ ਨੇ ਕਿਹਾ ਕਿ ਕਰੀਅਰ ਦੀ ਚੋਣ ਆਪਣੀ ਰੁਚੀ, ਯੋਗਤਾ ਅਤੇ ਜੀਵਨ ਦੇ ਉਦੇਸ਼ ਨੂੰ ਸਮਝ ਕੇ ਕਰਨੀ ਚਾਹੀਦੀ ਹੈ। ਅਕਸਰ ਵਿਦਿਆਰਥੀ ਦੂਜਿਆਂ ਦੀਆਂ ਉਮੀਦਾਂ ਦੇ ਆਧਾਰ 'ਤੇ ਕਰੀਅਰ ਚੁਣ ਲੈਂਦੇ ਹਨ, ਜਿਸ ਕਾਰਨ ਉਨ੍ਹਾਂ ਨੂੰ ਭਵਿੱਖ ਵਿੱਚ ਸੰਤੁਸ਼ਟੀ ਅਤੇ ਉਮੀਦ ਅਨੁਸਾਰ ਸਫਲਤਾ ਪ੍ਰਾਪਤ ਨਹੀਂ ਹੁੰਦੀ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਆਪਣੀਆਂ ਰੁਚੀਆਂ ਦੀ ਪਛਾਣ ਕਰਨ, ਉਨ੍ਹਾਂ ਨਾਲ ਸੰਬੰਧਿਤ ਲੋੜੀਂਦੇ ਹੁਨਰਾਂ ਨੂੰ ਵਿਕਸਤ ਕਰਨ ਅਤੇ ਸਮੇਂ-ਸਮੇਂ 'ਤੇ ਆਪਣੇ ਆਪ ਨੂੰ ਅੱਪਗ੍ਰੇਡ ਕਰਦੇ ਰਹਿਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਚੇਤਾਵਨੀ ਦਿੱਤੀ ਕਿ ਜੇਕਰ ਉਹ ਸਮੇਂ ਦੇ ਨਾਲ ਆਪਣੇ ਆਪ ਨੂੰ ਨਵੀਂ ਤਕਨਾਲੋਜੀ ਅਤੇ ਹੁਨਰਾਂ ਦੇ ਅਨੁਕੂਲ ਵਿਕਸਤ ਨਹੀਂ ਕਰਨਗੇ ਤਾਂ ਭਵਿੱਖ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਮੁਸ਼ਕਲ ਹੋ ਸਕਦਾ ਹੈ। ਇੱਕ ਹੋਰ ਸੈਸ਼ਨ ਵਿੱਚ ਸਾਧਵੀ ਮਨੇਂਦਰਾ ਭਾਰਤੀ ਜੀ ਨੇ ਕਿਹਾ ਕਿ ਅੱਜ ਦਾ ਨੌਜਵਾਨ ਪਹਿਲਾਂ ਨਾਲੋਂ ਵੱਧ ਜਾਣਕਾਰੀ ਰੱਖਦਾ ਹੈ, ਪਰ ਉਸ ਨੂੰ ਸਹੀ ਦਿਸ਼ਾ ਅਤੇ ਜੀਵਨ ਮੁੱਲਾਂ ਦੀ ਸਭ ਤੋਂ ਵੱਧ ਲੋੜ ਹੈ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਫਲਤਾ ਸਿਰਫ਼ ਚੰਗੇ ਅੰਕ ਪ੍ਰਾਪਤ ਕਰਨ ਨਾਲ ਨਹੀਂ, ਸਗੋਂ ਚੰਗੇ ਸੰਸਕਾਰਾਂ, ਅਨੁਸ਼ਾਸਨ, ਆਤਮ-ਵਿਸ਼ਵਾਸ ਅਤੇ ਜ਼ਿੰਮੇਵਾਰੀ ਨਿਭਾਉਣ ਨਾਲ ਮਿਲਦੀ ਹੈ। ਸਾਧਵੀ ਜੀ ਨੇ "5 ਸਫਲਤਾ ਮੰਤਰ" ਪੇਸ਼ ਕੀਤੇ, ਜਿਨ੍ਹਾਂ ਵਿੱਚ ਮਾਤਾ-ਪਿਤਾ ਦਾ ਸਤਿਕਾਰ, ਗਲਤ ਆਦਤਾਂ ਤੋਂ ਦੂਰੀ, ਸੋਸ਼ਲ ਮੀਡੀਆ ਦੀ ਸੰਤੁਲਿਤ ਵਰਤੋਂ, ਵਿਗਿਆਪਨਾਂ ਅਤੇ ਦਿਖਾਵੇ ਦੀ ਸੰਸਕ੍ਰਿਤੀ ਤੋਂ ਸਾਵਧਾਨ ਰਹਿਣਾ ਅਤੇ ਜੀਵਨ ਵਿੱਚ ਜ਼ਿੰਮੇਵਾਰੀ ਸਵੀਕਾਰ



ਕਰਨਾ ਮੁੱਖ ਵਿਸ਼ੇ ਸਨ। ਉਨ੍ਹਾਂ ਨੇ ਦਿਲਚਸਪ ਉਦਾਹਰਣਾਂ ਅਤੇ ਪ੍ਰੇਰਣਾਦਾਇਕ ਕਹਾਣੀਆਂ ਰਾਹੀਂ ਵਿਦਿਆਰਥੀਆਂ ਨੂੰ ਸਮਝਾਇਆ ਕਿ ਥੋੜ੍ਹੇ ਸਮੇਂ ਦੀ ਖੁਸ਼ੀ ਦੇਣ ਵਾਲੀਆਂ ਕਈ ਆਦਤਾਂ ਭਵਿੱਖ ਵਿੱਚ ਸਥਾਈ ਸਮੱਸਿਆਵਾਂ ਦਾ ਕਾਰਨ ਬਣ ਸਕਦੀਆਂ ਹਨ। ਇਸ ਦੇ ਨਾਲ ਹੀ ਸੋਸ਼ਲ ਮੀਡੀਆ ਅਤੇ ਮੋਬਾਈਲ ਦੇ ਵਧਦੇ ਪ੍ਰਭਾਵ ਬਾਰੇ ਵਿਸ਼ੇਸ਼ ਚਰਚਾ ਕੀਤੀ ਗਈ। ਵਿਦਿਆਰਥੀਆਂ ਨੂੰ ਦੱਸਿਆ ਗਿਆ ਕਿ ਡਿਜ਼ਿਟਲ ਉਪਕਰਣ ਲਾਭਦਾਇਕ ਹਨ, ਪਰ ਉਨ੍ਹਾਂ ਦੀ ਬੇਹੱਦ ਵਰਤੋਂ ਧਿਆਨ, ਯਾਦਦਾਸ਼ਤ, ਆਤਮ-ਵਿਸ਼ਵਾਸ ਅਤੇ ਮਾਨਸਿਕ ਸਿਹਤ ਨੂੰ ਪ੍ਰਭਾਵਿਤ ਕਰ ਸਕਦੀ ਹੈ। ਉਨ੍ਹਾਂ ਨੂੰ ਡਿਜ਼ਿਟਲ ਵੈੱਲਬੀਇੰਗ ਲਈ ਕੁਝ ਵਿਹਾਰਕ ਉਪਾਅ ਵੀ ਦੱਸੇ ਗਏ। ਕਾਰਜਕ੍ਰਮ ਦੌਰਾਨ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਵੱਖ-ਵੱਖ ਗਤੀਵਿਧੀਆਂ ਵਿੱਚ ਭਾਗ ਲਿਆ ਅਤੇ ਆਪਣੇ ਜੀਵਨ ਵਿੱਚ ਨਕਾਰਾਤਮਕ ਆਦਤਾਂ ਨੂੰ ਛੱਡ ਕੇ ਸਕਾਰਾਤਮਕ ਆਦਤਾਂ ਅਪਨਾਉਣ ਦਾ ਸੰਕਲਪ ਲਿਆ। ਕਾਰਜਕ੍ਰਮ ਦੇ ਅੰਤ ਵਿੱਚ ਆਯੋਜਕਾਂ ਨੇ ਸਾਰੇ ਭਾਗੀਦਾਰਾਂ ਦਾ ਧੰਨਵਾਦ ਕਰਦਿਆਂ ਨੌਜਵਾਨਾਂ ਨੂੰ ਜੀਵਨ ਵਿੱਚ ਲਕਸ਼, ਅਨੁਸ਼ਾਸਨ ਅਤੇ ਨੈਤਿਕ ਮੁੱਲਾਂ ਨੂੰ ਅਪਨਾਉਣ ਦਾ ਸੱਦਾ ਦਿੱਤਾ।

**ਰੱਬਾ ਇੰਨ੍ਹੇ ਜੋਗਾ ਕਰਦੇ ਕਿ ਲੋਕ ਕਹਿਣ ਇੰਨ੍ਹੇ ਜੋਗਾ ਕਿੱਥੇ ਸੀ...**

ੴ

ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ








ਸ਼ਹੀਦੋਂ ਕੀ ਚਿਤਾਓਂ ਪਰ ਲਗੇਂਗੇ ਹਰ ਵਰਸ਼ ਮੇਲੇ

# ਗੁਰਦੁਆਰਾ ਸਾਹਿਬ ਮੁਡਿਸਟੋ ਸੀਰਜ਼ ਵਿਖੇ

## ਸ਼ਹੀਦਾਂ ਦੇ ਸਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ

ਅਤੇ ਸ਼ਹੀਦ ਬਾਬਾ ਨਿਹਾਲ ਸਿੰਘ ਜੀ - ਸ਼ਹੀਦ ਬਾਬਾ ਹਰਨਾਮ ਸਿੰਘ ਜੀ ਤੱਲਣ ਸਾਹਿਬ ਜਲੰਧਰ ਦੀ ਯਾਦ ਵਿੱਚ ਸ਼ਹੀਦੀ ਦਿਵਸ

ਗੁਰਦੁਆਰਾ ਸਾਹਿਬ ਮੁਡਿਸਟੋ-ਸੀਰਜ ਵਿਖੇ ਤੱਲਣ ਦੀ ਸੰਗਤ ਅਤੇ ਇਲਾਕੇ ਦੀਆਂ ਸੰਗਤਾਂ ਵੱਲੋਂ ਦੋ ਸ੍ਰੀ ਅਖੰਡ ਪਾਠ ਸਾਹਿਬ ਬੜੀ ਹੀ ਸ਼ਰਧਾ ਭਾਵਨਾ ਨਾਲ ਕਰਵਾਏ ਜਾ ਰਹੇ ਹਨ।

**ਅਖੰਡ ਪਾਠ ਸਾਹਿਬ ਦੀ ਅਰੰਭਤਾ ਹੋਵੇਗੀ**
( 19 ਜੂਨ, 2026 ਸਵੇਰੇ 10:00 ਵਜੇ )

**ਅਖੰਡ ਪਾਠ ਸਾਹਿਬ ਦੇ ਭੋਗ**
( 21 ਜੂਨ, 2026 ਸਵੇਰੇ 10:00 ਵਜੇ )

**ਕਥਾ ਅਤੇ ਕੀਰਤਨ ਸਮਾਗਮ**
17 ਜੂਨ ਤੋਂ 20 ਜੂਨ, 2026 ਤੱਕ
ਸ਼ਾਮ 6:30 ਤੋਂ 8:30 ਵਜੇ ਤੱਕ ਹੋਏਗਾ



ਭਾਈ ਪ੍ਰਿਥੀਪਾਲ ਸਿੰਘ ਜੀ ਅਤੇ ਸਾਥੀ
ਮੁਡਿਸਟੋ-ਸੀਰਜ ਗੁਰਦਵਾਰਾ ਸਾਹਿਬ ਦੇ ਹਜ਼ੂਰੀ ਰਾਗੀ



(ਕਥਾ ਵਾਚਕ)
ਗਿਆਨੀ ਹਰਬੰਸ ਸਿੰਘ ਮੁਡਿਸਟੋ-ਸੀਰਜ



( ਕਵੀਸ਼ਰੀ ਜੱਥਾ )
ਸਰਬਜੀਤ ਸਿੰਘ ਸਾਜਨ ਅਤੇ ਸਾਥੀ

ਪੰਜ ਦਿਨ ਗੁਰੂ ਕਾ ਲੰਗਰ ਅਤੁੱਟ ਵਰਤੇਗਾ ਤੇ ਇਲਾਕਾ ਨਿਵਾਸੀਆਂ ਨੂੰ ਤੱਲਣ ਵਾਲੀ ਸੰਗਤ ਵੱਲੋਂ ਨਿਮਰਤਾ ਸਹਿਤ ਬੇਨਤੀ ਹੈ ਕਿ ਵੱਧ ਤੋਂ ਵੱਧ ਹਾਜ਼ਰੀਆਂ ਭਰੋ ਤੇ ਸਿੰਘਾਂ ਸ਼ਹੀਦਾਂ ਤੋਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਵਧੇਰੇ ਜਾਣਕਾਰੀ ਲਈ ਕਾਲ ਕਰੋ ---

ਪਰਮਜੀਤ ਸਿੰਘ : (209) 702 4649 | ਜਰਨੈਲ ਸਿੰਘ : (209) 872 3070 | ਅਸ਼ੋਕ ਵਰਮਾ : (209) 681 5171

ADDRESS: 5743 E Hatch Rd, Hughson, Ca 95326

# CAPITAL SERVICES

INSURANCE · VEHICLE REG. · IMMIGRATION · NOTARY PUBLIC · LIVE SCAN

ਸੈਕਰਾਮੈਂਟੋ, ਕੈਲੀਫੋਰਨੀਆ

AUTO · HOME · TRUCK · BUSINESS · LIFE · MEDICAL

## ਪਾਸਪੋਰਟ / ਵੀਜ਼ਾ

* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents

The Attorney has 25 years of experience in your favor for all legal services.

## Vehicle Registration

(Approved by CA DMV)

* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification

Lic.43779

## Other Services

* Live Scan / Fingerprints
* Covered California.
* Drug Testing * Alcohol Test
* Notary Services
* International Driver Lic.

Lic. 6000947



Office Ph.(916) 427-4321

6624 FLORIN ROAD, SACRAMENTO CA, 95828

FAX: 916)258-0441, Cell: (916)308-7997

Email: sacramento99@yahoo.com Website: www.capitalservices.us




Capital DRUG TESTING

# CAPITAL DRUG TESTING

## Drug and Alcohol Test

## DOT / NON DOT

PRE EMPLOYMENT - RANDOM
POST ACCIDENT - REASONABLE SUSPICION

Services: DOT Random Prog., FMCSA Clearinghouse, DOT Supervisor Training, SAP Classes Etc.

Lab. Ph:(916) 680-9293

6624 Florin Road
Sacramento CA, 95828

Email: capitaldrugtest@gmail.com
Website: www.capitaldrugtest.com




LIVE OAK PUNJABI HERITAGE ASSOCIATION
PRESENTS
MELA PUNJABANA DA
ਮੇਲਾ ਪੰਜਾਬਣਾਂ ਦਾ
DESIGN BY SUNNY KAMBOZ
GURLEJ AKHTAR
KULWINDER KALLY
SUNDAY, JUNE 28TH 2026
THE WALNUT HALL
1431 WALNUT AVE, YUBA CITY, CA 95993
TICKET PRICE
11:00AM TO 1:00PM - $10
2:00PM TO 6:00PM - $20
GIDHA, BHANGRA, FOLK SONGS, COMEDY, DELICIOUS FOOD, BOUTIQUES, MEHNDI, DESI KULFI AND MANY MORE.
TIME: 11AM TO 7PM
FOR MORE INFORMATION & SPONSORSHIP CONTACT
JASMINDER MATTU 530-301-9258
JAY PEGANY 530-218-9095

# ਸਟਰੇਟ ਆਫ ਹੋਰਮੁਜ਼ ਨੇੜੇ ਅਮਰੀਕੀ ਹਮਲੇ 'ਚ ਮਾਰੇ ਗਏ ਭਾਰਤੀ ਦੇ ਪਰਿਵਾਰ ਵੱਲੋਂ ਮ੍ਰਿਤਕ ਦੇਹ ਵਾਪਸ ਲਿਆਉਣ ਦੀ ਮੰਗ

ਤਹਿਰਾਨ
ਸਾਂਝੀ ਸੋਚ ਬਿਊਰੋ

ਹੋਰਮੁਜ਼ ਜਲਮਾਰਗ ਨੇੜੇ ਇੱਕ ਤੇਲ ਟੈਂਕਰ 'ਤੇ ਅਮਰੀਕੀ ਹਮਲੇ ਵਿਚ ਮਾਰੇ ਗਏ ਮਲਾਹ ਆਦਿਤਿਆ ਸ਼ਰਮਾ (23) ਦੇ ਪਰਿਵਾਰਕ ਮੈਂਬਰਾਂ ਨੇ ਵੀਰਵਾਰ ਨੂੰ ਹਿਮਾਚਲ ਸਰਕਾਰ ਅਤੇ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਉਸ ਦੀ ਮ੍ਰਿਤਕ ਦੇਹ ਨੂੰ ਹਮੀਰਪੁਰ ਦੇ ਜੱਦੀ ਪਿੰਡ ਗਲੌਰ ਲਿਆਂਦਾ ਜਾਵੇ, ਤਾਂ ਜੋ ਉਸਦਾ ਅੰਤਿਮ ਸੰਸਕਾਰ ਕੀਤਾ ਜਾ ਸਕੇ। ਆਦਿਤਿਆ ਉਨ੍ਹਾਂ ਤਿੰਨ ਚਾਲਕ ਦਲ ਦੇ ਮੈਂਬਰਾਂ ਵਿਚੋਂ ਇੱਕ ਸੀ, ਜੋ 10 ਜੂਨ ਨੂੰ ਓਮਾਨ ਦੀ ਖਾੜੀ ਵਿਚ ਪਲਾਓ-ਝੰਡੇ ਵਾਲੇ ਐੱਮ.ਟੀ. ਸੇਟੇਬੇਲੋ 'ਤੇ ਅਮਰੀਕੀ ਫੌਜ ਵੱਲੋਂ ਕੀਤੇ ਗਏ ਹਮਲੇ ਤੋਂ ਬਾਅਦ ਮਾਰੇ ਗਏ ਸਨ। ਅਮਰੀਕਾ ਨੇ ਜਹਾਜ਼ 'ਤੇ ਇਰਾਨ ਤੋਂ ਤੇਲ ਲਿਜਾਣ ਦੀ ਕੋਸ਼ਿਸ਼ ਕਰਕੇ ਅਮਰੀਕੀ ਨਾਕਾਬੰਦੀ ਦੀ ਉਲੰਘਣਾ ਕਰਨ ਦਾ ਦੋਸ਼ ਲਗਾਇਆ ਸੀ। ਜਹਾਜ਼ 'ਤੇ ਕੁੱਲ 24 ਭਾਰਤੀ ਚਾਲਕ ਦਲ ਦੇ ਮੈਂਬਰ ਸਨ, ਜਿਨ੍ਹਾਂ ਵਿਚੋਂ 21 ਨੂੰ ਬਚਾ ਲਿਆ ਗਿਆ ਸੀ। ਆਦਿਤਿਆ, ਜੋ ਕਿ ਪ੍ਰੋਬੇਸ਼ਨ 'ਤੇ ਡੈੱਕ ਕੈਡੇਟ ਸੀ, ਆਪਣੇ ਮਾਤਾ-ਪਿਤਾ ਦਾ ਇਕਲੌਤਾ ਪੁੱਤਰ ਸੀ। ਇਸ ਘਾਟੇ ਤੋਂ ਦੁਖੀ ਪਰਿਵਾਰਕ ਮੈਂਬਰਾਂ ਨੇ ਸਵਾਲ ਉਠਾਇਆ ਹੈ ਕਿ ਕੀ ਉਸ ਨੂੰ ਬਚਾਉਣ ਲਈ ਲੋੜੀਂਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ ਸਨ। ਮ੍ਰਿਤਕ ਦੇ ਦਾਦਾ ਅਸ਼ੋਕ ਨੇ ਕਿਹਾ, "ਅਸੀਂ ਜਾਣਨਾ ਚਾਹੁੰਦੇ ਹਾਂ ਕਿ ਜਦੋਂ ਕਪਤਾਨ ਨੂੰ ਅੱਗੇ ਵਧਣ ਤੋਂ ਚਿਤਾਵਨੀ ਦਿੱਤੀ ਗਈ ਸੀ, ਤਾਂ ਉਸ ਨੇ ਕਿਸ ਹੈਸੀਅਤ



ਨਾਲ ਜਹਾਜ਼ ਨੂੰ ਅੱਗੇ ਵਧਾਇਆ। ਅਸੀਂ ਜਾਂਚ ਦੀ ਮੰਗ ਕਰਦੇ ਹਾਂ।" ਆਦਿਤਿਆ ਦੇ ਚਾਚਾ ਸੰਜੀਵ ਨੇ ਦੱਸਿਆ ਕਿ ਉਨ੍ਹਾਂ ਨੇ ਉਸ ਦੇ ਲਾਪਤਾ ਹੋਣ ਦੀ ਸੂਚਨਾ ਮਿਲਣ ਤੋਂ ਬਾਅਦ ਉਸ ਦਾ ਪਤਾ ਲਗਾਉਣ ਲਈ ਕਈ ਬੇਚੈਨੀ ਭਰੇ ਘੰਟੇ ਬਿਤਾਏ। ਸੰਜੀਵ ਨੇ ਕਿਹਾ, "ਮੈਨੂੰ ਬੁੱਧਵਾਰ ਰਾਤ 9 ਵਜੇ ਦੇ ਕਰੀਬ ਮੇਰੇ ਭਰਾ ਦਾ ਫੋਨ ਆਇਆ ਕਿ ਆਦਿਤਿਆ ਲਾਪਤਾ ਹੈ।

ਮੈਂ ਤੁਰੰਤ ਜਲੰਧਰ (ਪੰਜਾਬ) ਵਿਚ ਆਪਣੇ ਭਰਾ ਦੇ ਘਰ ਪਹੁੰਚਿਆ। ਪੂਰੀ ਰਾਤ, ਅਸੀਂ ਆਦਿਤਿਆ ਦੇ ਟਿਕਾਣੇ ਬਾਰੇ ਕੰਪਨੀ ਨਾਲ ਤਾਲਮੇਲ ਕਰਨ ਦੀ ਕੋਸ਼ਿਸ਼ ਕੀਤੀ। ਸਿਰਫ ਰਾਤ 1.30 ਵਜੇ ਦੇ ਕਰੀਬ ਸਾਨੂੰ ਪਤਾ ਲੱਗਾ ਕਿ ਉਹ ਹੁਣ ਨਹੀਂ ਰਿਹਾ।" ਉਨ੍ਹਾਂ ਕਿਹਾ ਕਿ ਆਦਿਤਿਆ ਮਈ ਵਿਚ ਘਰ ਆਉਣ ਦੀ ਯੋਜਨਾ ਬਣਾ ਰਿਹਾ ਸੀ, ਪਰ ਉਸਨੇ ਜਹਾਜ਼ 'ਤੇ ਆਪਣਾ ਠਹਿਰਾਅ ਇੱਕ ਮਹੀਨੇ ਲਈ ਵਧਾਉਣ ਦਾ ਫੈਸਲਾ ਕੀਤਾ ਸੀ। ਸੰਜੇ ਨੇ ਕਿਹਾ, "ਅਸੀਂ ਆਪਣੇ ਮੁੰਡੇ ਦੀ ਮ੍ਰਿਤਕ ਦੇਹ ਨੂੰ ਵਾਪਸ ਲਿਆਉਣ ਦੀ ਕੋਸ਼ਿਸ਼ ਕਰ ਰਹੇ ਹਾਂ, ਤਾਂ ਜੋ ਅਸੀਂ ਅੰਤਿਮ ਸੰਸਕਾਰ ਕਰ ਸਕੀਏ।" ਉਨ੍ਹਾਂ ਅੱਗੇ ਕਿਹਾ ਕਿ ਉਨ੍ਹਾਂ ਨੇ ਹਮੀਰਪੁਰ ਦੇ ਸੰਸਦ ਮੈਂਬਰ ਅਨੁਰਾਗ ਠਾਕੁਰ, ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ ਅਤੇ ਕੇਂਦਰ ਸਰਕਾਰ ਨੂੰ ਮ੍ਰਿਤਕ ਦੇਹ ਨੂੰ ਜਲਦੀ ਵਾਪਸ ਲਿਆਉਣ ਦੀ ਬੇਨਤੀ ਕੀਤੀ ਹੈ। ਸੰਜੇ ਨੇ ਕਿਹਾ, "ਅਸੀਂ ਇਹ ਵੀ ਜਾਣਨਾ ਚਾਹੁੰਦੇ ਹਾਂ ਕਿ ਹਮਲੇ ਸਮੇਂ ਆਦਿਤਿਆ ਰਾਤ ਨੂੰ ਇੰਜਣ ਕੋਲ ਕੀ ਕਰ ਰਿਹਾ ਸੀ ਅਤੇ ਕੀ ਉਸਨੂੰ ਬਚਾਉਣ ਲਈ ਕੋਈ ਕੋਸ਼ਿਸ਼ ਕੀਤੀ ਗਈ ਸੀ ਜਾਂ ਨਹੀਂ।" ਸ਼ਰਮਾ ਦੀ ਮੌਤ 'ਤੇ ਦੁੱਖ ਪ੍ਰਗਟ ਕਰਦੇ ਹੋਏ ਅਨੁਰਾਗ ਠਾਕੁਰ ਨੇ ਕਿਹਾ ਕਿ ਉਨ੍ਹਾਂ ਨੇ ਵਿਦੇਸ਼ ਮੰਤਰੀ ਜੈਸ਼ੰਕਰ ਨੂੰ ਬੇਨਤੀ ਕੀਤੀ ਹੈ ਕਿ ਉਹ ਓਮਾਨ ਵਿਚ ਭਾਰਤੀ ਦੂਤਾਵਾਸ ਨੂੰ ਉੱਥੋਂ ਦੇ ਅਧਿਕਾਰੀਆਂ ਅਤੇ ਕੰਪਨੀ ਨਾਲ ਗੱਲ ਕਰਨ ਲਈ ਕਹਿਣ, ਤਾਂ ਜੋ ਉਸ ਦੀ ਮ੍ਰਿਤਕ ਦੇਹ ਨੂੰ ਜਿੰਨੀ ਜਲਦੀ ਹੋ ਸਕੇ, ਭਾਰਤ ਲਿਆਂਦਾ ਜਾ ਸਕੇ।

# ਖਾੜੀ ਖੇਤਰ 'ਚ ਅਮਰੀਕੀ ਜਲ ਸੈਨਾ ਵੱਲੋਂ ਭਾਰਤੀ ਮਲਾਹਾਂ ਵਾਲੇ 3 ਵਪਾਰਕ ਜਹਾਜ਼ਾਂ 'ਤੇ ਹਮਲਾ

ਨਵੀਂ ਦਿੱਲੀ
ਸਾਂਝੀ ਸੋਚ ਬਿਊਰੋ

ਭਾਰਤ ਸਰਕਾਰ ਨੇ ਵੀਰਵਾਰ ਨੂੰ ਕਿਹਾ ਕਿ ਪਿਛਲੇ ਚਾਰ ਦਿਨਾਂ ਵਿਚ ਓਮਾਨ ਦੇ ਤੱਟ ਦੇ ਨੇੜੇ ਅਮਰੀਕੀ ਜਲ ਸੈਨਾ ਵੱਲੋਂ ਭਾਰਤੀ ਚਾਲਕ ਦਲ (ਕਰੂ) ਦੇ ਮੈਂਬਰਾਂ ਵਾਲੇ ਤਿੰਨ ਵਪਾਰਕ ਜਹਾਜ਼ਾਂ 'ਤੇ ਹਮਲਾ ਕੀਤਾ ਗਿਆ ਹੈ, ਇਸ ਦੌਰਾਨ ਤਿੰਨ ਭਾਰਤੀ ਨਾਗਰਿਕਾਂ ਦੀ ਮੌਤ ਹੋ ਗਈ ਹੈ। ਭਾਰਤ ਨੇ ਇਸ ਮਾਮਲੇ ਨੂੰ ਅਮਰੀਕਾ ਕੋਲ ਸਖ਼ਤੀ ਨਾਲ ਚੁੱਕਿਆ ਹੈ। ਇਹ ਪਹਿਲੀ ਵਾਰ ਹੈ, ਜਦੋਂ ਜਨਤਕ ਤੌਰ 'ਤੇ ਇਹ ਸਵੀਕਾਰ ਕੀਤਾ ਗਿਆ ਹੈ ਕਿ ਅਮਰੀਕੀ ਜਲ ਸੈਨਾ ਭਾਰਤੀ ਕਰੂ ਵਾਲੇ ਜਹਾਜ਼ਾਂ ਨੂੰ ਨਿਸ਼ਾਨਾ ਬਣਾ ਰਹੀ ਹੈ। 8 ਜੂਨ ਨੂੰ ਅਮਰੀਕੀ ਫ਼ੌਜ ਨੇ ਪਲਾਊ ਦੇ ਝੰਡੇ ਵਾਲੇ ਇੱਕ ਤੇਲ ਟੈਕਰ 'ਮੈਰੀਵੈਕਸ' ਉੱਤੇ ਹਮਲਾ ਕਰਕੇ ਨੁਕਸਾਨ ਪਹੁੰਚਾਇਆ ਸੀ। ਇਸ ਉੱਤੇ 24 ਭਾਰਤੀ ਮਲਾਹ ਸਵਾਰ ਸਨ ਅਤੇ ਉਨ੍ਹਾਂ ਸਾਰਿਆਂ ਨੂੰ ਸੁਰੱਖਿਅਤ ਬਚਾ ਲਿਆ ਗਿਆ ਸੀ। ਇਸ ਤੋਂ ਬਾਅਦ 10 ਜੂਨ ਨੂੰ ਅਮਰੀਕਾ ਨੇ ਪਲਾਊ ਦੇ ਝੰਡੇ ਵਾਲੇ ਇੱਕ ਹੋਰ ਤੇਲ ਜਹਾਜ਼ 'ਸੈਟੇਬੈਲੋ' ਉੱਤੇ ਹਮਲਾ ਕਰ ਦਿੱਤਾ, ਜਿਸ ਵਿਚ ਸਵਾਰ 24 ਭਾਰਤੀ ਮਲਾਹਾਂ ਵਿਚੋਂ ਤਿੰਨ ਮਲਾਹਾਂ ਦੀ ਮੌਤ ਹੋ ਗਈ। ਬੁੱਧਵਾਰ ਨੂੰ ਹੋਏ ਹਮਲੇ ਤੋਂ ਬਾਅਦ, ਵਿਦੇਸ਼ ਮੰਤਰਾਲੇ ਨੇ ਅਮਰੀਕੀ ਦੂਤਾਵਾਸ ਦੇ ਕਾਰਜਕਾਰੀ ਮੁਖੀ (ਡੀ'ਅਫੇਅਰਜ਼) ਜੇਸਨ ਮੀਕਸ ਨੂੰ ਤਲਬ ਕੀਤਾ ਅਤੇ ਉਨ੍ਹਾਂ ਨੂੰ ਇੱਕ 'ਡੀਮਾਰਸ਼' ਭਾਵ ਵਿਰੋਧ ਦਾ ਰਾਜਨੀਤਕ ਪੱਤਰ ਸੌਂਪਿਆ।




ਵਿਦੇਸ਼ ਮੰਤਰਾਲੇ ਦੇ ਬੁਲਾਰੇ ਰੰਧੀਰ ਜੈਸਵਾਲ ਨੇ ਮੰਤਰਾਲਿਆਂ ਦੀ ਇੱਕ ਮੀਡੀਆ ਬ੍ਰੀਫਿੰਗ ਵਿਚ ਕਿਹਾ, "ਸਾਡੇ ਲਈ ਆਪਣੇ ਮਲਾਹਾਂ ਦੀ ਭਲਾਈ ਅਤੇ ਸੁਰੱਖਿਆ ਸਭ ਤੋਂ ਜ਼ਰੂਰੀ ਹੈ। ਜਦੋਂ 'ਐਮਟੀ ਸੈਟੇਬੈਲੋ' ਜਹਾਜ਼ 'ਤੇ ਇਹ ਹਮਲਾ ਹੋਇਆ, ਤਾਂ ਅਸੀਂ ਅਮਰੀਕੀ ਪੱਖ ਕੋਲ ਸਖ਼ਤ ਵਿਰੋਧ ਦਰਜ ਕਰਵਾਇਆ।"

ਜੈਸਵਾਲ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਇਹ ਹਮਲੇ "ਬੰਦ ਹੋਣੇ ਚਾਹੀਦੇ ਹਨ"। ਉਨ੍ਹਾਂ ਕਿਹਾ, "ਅਸੀਂ ਇਹ ਵੀ ਦੱਸਿਆ ਕਿ ਟਕਰਾਅ ਦੇ ਸ਼ਾਂਤੀਪੂਰਨ ਹੱਲ ਲਈ ਗੱਲਬਾਤ ਅਤੇ ਕੂਟਨੀਤੀ ਹੀ ਅੱਗੇ ਵਧਣ ਦਾ ਰਸਤਾ ਹੈ ਅਤੇ ਕੌਮਾਂਤਰੀ ਕਾਨੂੰਨ ਦੇ ਅਨੁਸਾਰ ਹੋਰਮੁਜ਼ ਜਲਮਾਰਗ ਰਾਹੀਂ ਬਿਨਾਂ ਕਿਸੇ ਰੁਕਾਵਟ ਦੇ ਆਉਣ-ਜਾਣ ਦੀ ਸਹੂਲਤ ਹੋਣੀ ਚਾਹੀਦੀ ਹੈ।" ਉਨ੍ਹਾਂ ਕਿਹਾ, "ਇਨ੍ਹਾਂ ਘਟਨਾਵਾਂ ਵਿਚ ਸ਼ਾਮਲ ਤਿੰਨੇ ਜਹਾਜ਼ ਵਿਦੇਸ਼ੀ ਝੰਡੇ ਵਾਲੇ ਸਨ। ਉਨ੍ਹਾਂ ਵਿਚੋਂ ਦੋ ਪਲਾਊ ਦੇ ਝੰਡੇ ਵਾਲੇ ਸਨ, ਜਦੋਂ ਕਿ ਤੀਜਾ ਜਹਾਜ਼ ਗਿਨੀ-ਬਿਸਾਊ ਦੇ ਝੰਡੇ ਵਾਲਾ ਸੀ। ਇਹ ਭਾਰਤੀ ਮਾਲਕੀ ਵਾਲੇ ਜਹਾਜ਼ ਨਹੀਂ ਸਨ।"

ਅਮਰੀਕੀ ਸੈਂਟਰਲ ਕਮਾਂਡ ਨੇ ਸੈਟੇਬੈਲੋ ਅਤੇ ਮੈਰੀਵੈਕਸ 'ਤੇ ਹਮਲਿਆਂ ਦੀ ਪੁਸ਼ਟੀ ਕੀਤੀ ਹੈ, ਪਰ 'ਜਲਵੀਰ' 'ਤੇ ਹੋਏ ਹਮਲਿਆਂ ਦੀਆਂ ਰਿਪੋਰਟਾਂ 'ਤੇ ਅਜੇ ਤੱਕ ਕੋਈ ਟਿੱਪਣੀ ਨਹੀਂ ਕੀਤੀ ਹੈ। ਬੰਦਰਗਾਹ, ਜਹਾਜ਼ਰਾਨੀ ਅਤੇ ਜਲਮਾਰਗ ਮੰਤਰਾਲੇ ਦੇ ਵਧੀਕ ਸਕੱਤਰ ਮੁਕੇਸ਼ ਮੰਗਲ ਨੇ ਦੱਸਿਆ ਕਿ 'ਜਲਵੀਰ' 'ਤੇ ਮੌਜੂਦ ਮਲਾਹਾਂ ਨੂੰ ਬਾਹਰ ਕੱਢਣ ਦਾ ਕੰਮ ਸ਼ੁਰੂ ਹੋ ਗਿਆ ਹੈ। ਉਨ੍ਹਾਂ ਦੱਸਿਆ ਕਿ ਸੈਟੇਬੈਲੋ ਤੋਂ ਬਾਕੀ ਸਾਰੇ 25 ਕਰੂ ਮੈਂਬਰਾਂ ਨੂੰ ਸੁਰੱਖਿਅਤ ਬਾਹਰ ਕੱਢ ਲਿਆ ਗਿਆ ਹੈ, ਜਿਨ੍ਹਾਂ ਵਿਚ 21 ਭਾਰਤੀ, ਦੋ ਪਾਕਿਸਤਾਨੀ, ਇੱਕ ਰੂਸੀ ਅਤੇ ਇੱਕ ਯੂਕਰੇਨੀ ਨਾਗਰਿਕ ਸ਼ਾਮਲ ਹਨ। ਉਨ੍ਹਾਂ ਦੱਸਿਆ ਕਿ ਸੀਮੈਨ ਵੈਲਫੇਅਰ ਫੰਡ ਸੁਸਾਇਟੀ ਨੂੰ ਹਰੇਕ ਮ੍ਰਿਤਕ ਦੇ ਪਰਿਵਾਰ ਨੂੰ 10 ਲੱਖ ਰੁਪਏ ਦੇਣ ਲਈ ਕਿਹਾ ਗਿਆ ਹੈ।

# ਪੰਜਾਬ ਰਾਜ ਵਪਾਰੀ ਕਮਿਸ਼ਨ ਧੂਰੀ ਵੱਲੋਂ ਵਪਾਰੀਆਂ ਨਾਲ ਬੈਠਕ

ਧੂਰੀ
ਸਾਂਝੀ ਸੋਚ ਬਿਊਰੋ

ਪੰਜਾਬ ਸਰਕਾਰ ਵੱਲੋਂ ਸੂਬੇ ਦੇ ਵਪਾਰੀਆਂ ਅਤੇ ਕਾਰੋਬਾਰੀਆਂ ਨੂੰ ਵਪਾਰ ਲਈ ਹੋਰ ਵਧੀਆ, ਪਾਰਦਰਸ਼ੀ ਅਤੇ ਸਾਜ਼ਗਾਰ ਮਾਹੌਲ ਪ੍ਰਦਾਨ ਕਰਨ ਦੇ ਮੰਤਵ ਨਾਲ ਬਣਾਏ ਗਏ ਪੰਜਾਬ ਰਾਜ ਵਾਪਰੀ ਕਮਿਸ਼ਨ ਦੀ ਹਲਕਾ ਧੂਰੀ ਇਕਾਈ ਵੱਲੋਂ ਅੱਜ ਸਦਰ ਬਾਜ਼ਾਰ ਧੂਰੀ ਵਿਖੇ ਵਪਾਰੀਆਂ ਨਾਲ ਵਿਸ਼ੇਸ਼ ਬੈਠਕ ਕੀਤੀ ਗਈ। ਬੈਠਕ ਦੌਰਾਨ ਛੋਟੇ ਅਤੇ ਦਰਮਿਆਨੇ ਵਪਾਰੀਆਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰਦਿਆਂ ਆਪਣੇ ਕਾਰੋਬਾਰ ਨਾਲ ਸਬੰਧਿਤ ਮੁੱਦੇ ਅਤੇ ਮੁਸ਼ਕਲਾਂ ਕਮਿਸ਼ਨ ਸਾਹਮਣੇ ਰੱਖੀਆਂ। ਇਸ ਮੌਕੇ ਪੰਜਾਬ ਰਾਜ ਵਾਪਰੀ ਕਮਿਸ਼ਨ ਧੂਰੀ ਦੇ ਚੇਅਰਮੈਨ ਪੁਸ਼ਪਿੰਦਰ ਸ਼ਰਮਾ ਨੇ ਵਪਾਰੀਆਂ ਨਾਲ ਸਿੱਧਾ ਸੰਵਾਦ ਕਰਦਿਆਂ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਗੰਭੀਰਤਾ ਨਾਲ ਸੁਣਿਆ ਅਤੇ ਭਰੋਸਾ ਦਿਵਾਇਆ ਕਿ ਵਪਾਰੀਆਂ ਵੱਲੋਂ ਉਠਾਏ ਗਏ ਹਰ ਜਾਇਜ਼ ਮੁੱਦੇ ਦਾ ਹੱਲ ਪਹਿਲ ਦੇ ਆਧਾਰ 'ਤੇ ਕਰਵਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਵਪਾਰੀਆਂ ਨੂੰ ਬਿਨਾਂ ਕਿਸੇ ਰੁਕਾਵਟ ਆਪਣੇ ਕਾਰੋਬਾਰ ਨੂੰ ਅੱਗੇ ਵਧਾਉਣ ਲਈ ਅਨੁਕੂਲ ਮਾਹੌਲ ਮੁਹੱਈਆ ਕਰਵਾਉਣ ਲਈ ਲਗਾਤਾਰ ਯਤਨਸ਼ੀਲ ਹੈ। ਚੇਅਰਮੈਨ ਪੁਸ਼ਪਿੰਦਰ ਸ਼ਰਮਾ ਨੇ ਕਿਹਾ ਕਿ ਵਪਾਰੀ ਵਰਗ ਸੂਬੇ ਦੀ ਅਰਥਵਿਵਸਥਾ ਦੀ ਰੀੜ੍ਹ ਦੀ ਹੱਡੀ ਹੈ, ਕਿਉਂਕਿ ਵਪਾਰਕ ਗਤੀਵਿਧੀਆਂ ਨਾਲ ਨਾ ਸਿਰਫ਼ ਰੁਜ਼ਗਾਰ ਦੇ ਮੌਕੇ ਪੈਦਾ ਹੁੰਦੇ ਹਨ ਸਗੋਂ ਸਰਕਾਰੀ ਮਾਲੀਏ ਵਿੱਚ ਵੀ ਅਹਿਮ ਯੋਗਦਾਨ ਪੈਂਦਾ ਹੈ। ਇਸ ਲਈ ਵਪਾਰੀਆਂ ਦੀਆਂ ਮੁਸ਼ਕਲਾਂ ਦਾ ਤੁਰੰਤ ਹੱਲ ਕਰਨਾ ਪੰਜਾਬ ਸਰਕਾਰ ਦੀ ਤਰਜੀਹ ਹੈ। ਉਨ੍ਹਾਂ ਕਿਹਾ ਕਿ ਪੰਜਾਬ ਰਾਜ ਵਾਪਰੀ ਕਮਿਸ਼ਨ ਵਪਾਰੀਆਂ ਅਤੇ ਸਰਕਾਰ ਵਿਚਕਾਰ ਇੱਕ ਅਹਿਮ ਪੁਲ ਵਜੋਂ ਕੰਮ ਕਰ ਰਿਹਾ ਹੈ। ਕਮਿਸ਼ਨ ਵੱਲੋਂ ਵੱਖ-ਵੱਖ ਸ਼ਹਿਰਾਂ ਅਤੇ ਕਸਬਿਆਂ ਵਿੱਚ ਜਾ ਕੇ ਵਪਾਰੀਆਂ ਨਾਲ ਸਿੱਧਾ ਰਾਬਤਾ ਕਾਇਮ ਕੀਤਾ ਜਾ ਰਿਹਾ ਹੈ ਤਾਂ ਜੋ ਜ਼ਮੀਨੀ ਪੱਧਰ 'ਤੇ ਆਉਣ ਵਾਲੀਆਂ ਸਮੱਸਿਆਵਾਂ ਦੀ ਪਛਾਣ ਕਰਕੇ ਉਨ੍ਹਾਂ ਦਾ ਸਮੇਂ ਸਿਰ ਨਿਪਟਾਰਾ ਕੀਤਾ ਜਾ ਸਕੇ। ਬੈਠਕ ਦੌਰਾਨ ਵਪਾਰੀਆਂ ਨੇ ਆਪਣੀਆਂ ਵੱਖ-ਵੱਖ ਮੰਗਾਂ ਅਤੇ ਸੁਝਾਅ ਕਮਿਸ਼ਨ ਦੇ ਧਿਆਨ ਵਿੱਚ ਲਿਆਂਦੇ। ਚੇਅਰਮੈਨ ਨੇ ਭਰੋਸਾ ਦਿਵਾਇਆ ਕਿ ਸਾਰੇ ਸੁਝਾਵਾਂ ਨੂੰ ਸਕਾਰਾਤਮਕ ਤਰੀਕੇ ਨਾਲ




ਵਿਚਾਰਿਆ ਜਾਵੇਗਾ ਅਤੇ ਸਬੰਧਤ ਵਿਭਾਗਾਂ ਨਾਲ ਤਾਲਮੇਲ ਕਰਕੇ ਉਨ੍ਹਾਂ ਦਾ ਯੋਗ ਹੱਲ ਕੱਢਣ ਲਈ ਲੋੜੀਂਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਇਸ ਮੌਕੇ ਹਲਕਾ ਧੂਰੀ ਇਕਾਈ ਦੇ ਅਹੁਦੇਦਾਰ, ਵਪਾਰ ਮੰਡਲ ਦੇ ਨੁਮਾਇੰਦੇ ਅਤੇ ਵੱਡੀ ਗਿਣਤੀ ਵਿੱਚ ਵਪਾਰੀ ਹਾਜ਼ਰ ਸਨ।


JASPREET SINGH
ATTORNEY AT LAW USA
JASPREET SINGH ATTORNEY AT LAW USA
SPECIALIZES IN IMMIGRATION LAW MATTERS , POLITICAL ASYLUM , DEPORTATION
DEFENSE , GREEN CARDS , MARRIAGE , CITIZENSHIP, P3 AND E-2 VISAS
LAW OFFICES IN NY , NJ AND CALIFORNIA
SACRAMENTO, CA
5855 AUBURN BLVD,
SACRAMENTO, CA 95841
+1-917-915-4142
FREMONT, CA
3155 KEARNEY ST, SUITE
#248, FREMONT, CA 94538
+1-510-657-6444
NEW YORK, NY
108-14 JAMAICA AVENUE,
RICHMOND HILL, NY 11418
+1-718-533-8444
FRESNO, CA
1625 E SHAW AVE #122,
FRESNO, CA 93711
+1-559-271-5511
NEW JERSEY, NJ
2060 OAK TREE ROAD #1,
EDISON, NEW JERSEY, 08820
+1-732-453-6699
LOS ANGELES, CA
1013 N BEGONIA AVE,
ONTARIO, CA 91762
+1-917-915-4142
CONTACT
+1-917-915-4142
Jaspreetsinghlaoffice@gmail.com


TAKE CONTROL
OF YOUR HEALTH!
PRIVATE, AFFORDABLE, & CONVENIENT
8000+ TESTS
General Health, Food Allergy Testing, Paternity Testing,
Hormone Testing, Diabetes Monitoring, STD Testing, & More!
NO INSURANCE?
NO PROBLEM!
WALK-INS WELCOME
ANY LAB TEST NOW
ਵਧੇਰੇ ਜਾਣਕਾਰੀ ਲਈ ਕਾਲ ਕਰੋ : (209) 629-8282 | (209) 505-6384
Address: 119. Maple AVe, Suite A Manteca, CA 95336

ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ

ਜੇਹਾ ਚੀਰੀ ਲਿਖਿਆ ਤੇਹਾ ਹੁਕਮੁ ਕਮਾਹਿ ॥ ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ ॥



# GURMEL KAUR SANDHU

April 2nd, 1940 – June 6th, 2026

## FUNERAL

**Allen Mortuary**

247 N. Broadway Turlock, CA 95380

June 13th, 2026 | Time : 1:00 PM – 3:00 PM

After Funeral

## ANTIM ARDAAS

3:00 PM – 5:00 PM

**Gurdwara Sahib Turlock**

1391 F Street Turlock, CA 95380

# ਓਨਟਾਰੀਓ 'ਚ ਡਿਊਟੀ ਦੌਰਾਨ ਮਾਰੇ ਗਏ ਪੰਜਾਬੀ ਨੂੰ ਦਿੱਤਾ ਗਿਆ 'ਗਾਰਡ ਆਫ ਆਨਰ'

ਓਨਟਾਰੀਓ
ਸਾਂਝੀ ਸੋਚ ਬਿਊਰੋ




ਬੀਤੇ ਦਿਨੀਂ ਪੰਜਾਬੀ ਗੱਭਰੂ ਤਰੁਣ ਬਾਲੀ ਨੂੰ ਕੈਨੇਡਾ ਵਿੱਚ ਅੰਤਿਮ ਸ਼ਰਧਾਂਜਲੀ ਦਿੱਤੀ ਗਈ। ਓਨਟਾਰੀਓ ਪ੍ਰੋਵਿੰਸ਼ੀਅਲ ਪੁਲਿਸ ਅਤੇ ਗ੍ਰੇਟਰ ਟੋਰਾਂਟੋ ਏਰੀਆ ਵਿੱਚ ਕਈ ਪੁਲਿਸ ਸੇਵਾਵਾਂ ਦੇ ਅਧਿਕਾਰੀਆਂ ਨੇ ਉਨ੍ਹਾਂ ਦੀ ਮ੍ਰਿਤਕ ਦੇਹ ਨੂੰ ਚੀਫ਼ ਕੋਰੋਨਰ ਦੇ ਦਫ਼ਤਰ ਲਿਆਂਦੇ ਜਾਣ ਦੌਰਾਨ 'ਗਾਰਡ ਆਫ਼ ਆਨਰ' ਦਿੱਤਾ। ਇਸ ਸਨਮਾਨ ਸਮਾਰੋਹ ਦਾ ਇੱਕ ਵੀਡੀਓ ਵੀ ਜਾਰੀ ਕੀਤਾ ਗਿਆ ਹੈ, ਜਿਸ ਵਿੱਚ ਵੱਡੀ ਗਿਣਤੀ ਵਿੱਚ ਪੁਲਿਸ ਅਧਿਕਾਰੀ ਆਪਣੇ ਸਾਥੀ ਨੂੰ ਅੰਤਿਮ ਸ਼ਰਧਾਂਜਲੀ ਦਿੰਦੇ ਦਿਖਾਈ ਦੇ ਰਹੇ ਹਨ।

ਤਰੁਣ ਬਾਲੀ ਦੀ 9 ਜੂਨ ਨੂੰ ਉੱਤਰੀ ਓਨਟਾਰੀਓ ਦੇ ਹਰਸਟ ਖੇਤਰ ਵਿੱਚ ਡਿਊਟੀ ਦੌਰਾਨ ਹੱਤਿਆ ਕਰ ਦਿੱਤੀ ਗਈ ਸੀ। ਪੁਲਿਸ ਅਨੁਸਾਰ ਇੱਕ ਜਾਂਚ ਮੁਹਿੰਮ ਦੌਰਾਨ 18 ਸਾਲਾ ਸ਼ੱਕੀ ਨੇ ਕਥਿਤ ਤੌਰ 'ਤੇ ਆਪਣੀ ਗੱਡੀ ਪੁਲਿਸ ਘੇਰੇ ਵਿੱਚ ਟੱਕਰ ਮਾਰ ਦਿੱਤੀ, ਜਿਸ ਨਾਲ ਬਾਲੀ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਿਆ। ਬਾਅਦ ਵਿੱਚ ਉਸਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਸ਼ੱਕੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ ਅਤੇ ਉਸ 'ਤੇ ਕਤਲ ਸਮੇਤ ਕਈ ਦੋਸ਼ ਲਗਾਏ ਗਏ ਹਨ।

# ਕੈਨੇਡਾ 'ਚ ਵੱਡੀ ਵਾਰਦਾਤ: ਮਾਹਲ ਸਵੀਟ ਸ਼ਾਪ 'ਤੇ ਫਾਇਰਿੰਗ, ਆਰਜ਼ੂ ਬਿਸ਼ਨੋਈ ਨੇ ਲਈ ਜ਼ਿੰਮੇਵਾਰੀ!

ਓਟਵਾ
ਸਾਂਝੀ ਸੋਚ ਬਿਊਰੋ




ਕੈਨੇਡਾ ਦੇ ਮਾਹਲ ਸਵੀਟ ਸ਼ਾਪ 'ਤੇ ਅੰਨ੍ਹੇਵਾਹ ਫਾਇਰਿੰਗ ਹੋਣ ਦੀ ਖ਼ਬਰ ਸਾਹਮਣੇ ਆਈ ਹੈ। ਇਸ ਘਟਨਾ ਤੋਂ ਬਾਅਦ ਇਲਾਕੇ ਵਿੱਚ ਦਹਿਸ਼ਤ ਫੈਲ ਗਈ। ਦੱਸ ਦਈਏ ਕਿ ਇਸ ਹਮਲੇ ਦੀ ਜ਼ਿੰਮੇਵਾਰੀ ਆਰਜ਼ੂ ਬਿਸ਼ਨੋਈ, ਟਾਈਸਨ ਬਿਸ਼ਨੋਈ ਅਤੇ ਸ਼ੁਭਮ ਲੋਂਕਰ ਨੇ ਲਈ ਹੈ। ਇਸ ਸੰਬੰਧੀ ਸੋਸ਼ਲ ਮੀਡੀਆ 'ਤੇ ਪੋਸਟ ਵਾਇਰਲ ਹੋ ਰਹੀ ਹੈ। ਪਰ ਅਸੀਂ ਇਸ ਵਾਇਰਲ ਪੋਸਟ ਦੀ ਪੁਸ਼ਟੀ ਨਹੀਂ ਕਰਦੇ। ਇਸ ਵਾਇਰਲ ਪੋਸਟ ਅਨੁਸਾਰ ਬਿਸ਼ਨੋਈ ਗਰੁੱਪ ਨੇ ਜ਼ਿੰਮੇਵਾਰੀ ਲੈਂਦਿਆਂ ਕਿਹਾ ਕਿ, "ਜੈ ਸੀਤਾ ਰਾਮ ਜੀ ਸਾਰੇ ਭਰਾਵਾਂ ਨੂੰ, ਅੱਜ ਕੈਨੇਡਾ ਦੇ ਬਰੈਂਪਟਨ ਦੇ ਮਾਹਲ ਸਵੀਟ 'ਤੇ ਜੋ ਗੋਲੀਬਾਰੀ ਹੋਈ ਹੈ। ਆਰਜ਼ੂ ਬਿਸ਼ਨੋਈ ਅਤੇ ਮੇਰਾ ਛੋਟਾ ਭਰਾ ਟਾਈਸਨ ਬਿਸ਼ਨੋਈ, ਸ਼ੁਭਮ ਲੋਂਕਰ ਇਸਦੀ ਜ਼ਿੰਮੇਵਾਰੀ ਲੈਂਦੇ ਹਨ। ਅਸੀਂ ਉਸਨੂੰ ਫੋਨ ਕੀਤਾ ਸੀ ਪਰ ਉਸਨੇ ਆਵਾਜ਼ ਨਹੀਂ ਪਛਾਣੀ, ਇਸ ਲਈ ਅਸੀਂ ਉਸਨੂੰ ਇੱਕ ਛੋਟੀ ਜਿਹੀ ਆਵਾਜ਼ ਸੁਣਾਈ। ਜੇਕਰ ਅਗਲੀ ਵਾਰ ਕਾਲ ਨੂੰ ਅਣਡਿੱਠਾ ਕੀਤਾ, ਤਾਂ ਅਸੀਂ ਤੁਹਾਡੇ ਮਾਲ ਵਿੱਚ ਦਾਖਲ ਹੋਵਾਂਗੇ, ਤੇਰੇ ਸਿਰ ਵਿੱਚ ਗੋਲੀ ਮਾਰ ਦੇਵਾਂਗੇ ਅਤੇ ਤੈਨੂੰ ਮਿੱਟੀ ਵਿੱਚ ਮਿਲਾ ਦੇਵਾਂਗੇ। ਬਾਕੀ ਤਿਆਰ ਕਰ ਲੈਣਾ ਅਤੇ ਸਾਡੇ ਬਾਕੀ ਦੁਸ਼ਮਣ, ਤਿਆਰ ਰਹੋ, ਅਸੀਂ ਜਲਦੀ ਹੀ ਮਿਲਾਂਗੇ। ਸਾਡੇ ਵਿਰੋਧੀ ਜੋ ਝੂਠੀਆਂ ਅਫਵਾਹਾਂ ਫੈਲਾ ਰਹੇ ਹਨ ਕਿ ਅਸੀਂ ਵੱਖ ਹੋ ਗਏ ਹਾਂ, ਅਸੀਂ ਸਾਰੇ ਭਰਾ ਇਕੱਠੇ ਲੜਾਂਗੇ। ਅਸੀਂ ਸਾਰੇ ਭਰਾ ਇੱਕ ਸੀ। ਅਸੀਂ ਇੱਕ ਹਾਂ। ਅਸੀਂ ਇੱਕ ਰਹਾਂਗੇ। ਜੈ ਸੀਤਾ ਰਾਮ ਜੀ"

ਕੈਨੇਡਾ ਵਿੱਚ ਪੁਲਿਸ ਨੇ ਸੋਸ਼ਲ ਮੀਡੀਆ ਪੋਸਟਾਂ ਦਾ ਨੋਟਿਸ ਲਿਆ ਹੈ ਅਤੇ ਗੋਲੀਬਾਰੀ ਦੀ ਘਟਨਾ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਇਸ ਫਾਇਰਿੰਗ ਉਦੇਸ਼ ਅਤੇ ਇਸ ਹਮਲੇ 'ਚ ਕਿਸੇ ਦੇ ਜ਼ਖਮੀ ਦੀ ਖ਼ਬਰ ਨਹੀਂ ਹੈ।

# ਆਮ ਆਦਮੀ ਪਾਰਟੀ ਦੇ ਅਨੁਸੂਚਿਤ ਜਾਤੀ ਵਿੰਗ ਵੱਲੋਂ ਸੂਬੇਦਾਰ ਸਰਬਜੀਤ ਸਿੰਘ ਅਤੇ ਅਮਰਵੀਰ ਸਿੰਘ ਦਾ ਸਨਮਾਨ

ਰਈਆ
ਸਾਂਝੀ ਸੋਚ ਬਿਊਰੋ



ਆਮ ਆਦਮੀ ਪਾਰਟੀ ਦੇ ਅਨੁਸੂਚਿਤ ਜਾਤੀ ਵਿੰਗ ਦੀ ਇਕ ਅਹਿਮ ਮੀਟਿੰਗ ਚੰਡੀਗੜ੍ਹ ਵਿਚ ਹੋਈ। ਮੀਟਿੰਗ ਦੀ ਪ੍ਰਧਾਨਗੀ ਗੁਰਪ੍ਰੀਤ ਸਿੰਘ ਜੇਪੀ ਪ੍ਰਧਾਨ ਅਨੁਸੂਚਿਤ ਜਾਤੀ ਵਿੰਗ ਪੰਜਾਬ ਨੇ ਕੀਤੀ। ਇਸ ਮੀਟਿੰਗ ਵਿੱਚ ਨਗਰ ਪੰਚਾਇਤ ਰਈਆ ਤੋ ਚੋਣਾਂ ਵਿੱਚ ਜਿੱਤੇ ਕੌਂਸਲਰ ਸਰਬਜੀਤ ਸਿੰਘ ਅਤੇ ਕਾਂਗਰਸ ਪਾਰਟੀ ਦੇ ਉਮੀਦਵਾਰ ਨੂੰ ਹਰਾ ਕੇ ਸਭ ਤੋ ਛੋਟੀ ਉਮਰ ਦੇ ਕੌਂਸਲਰ ਬਣੇ ਅਮਰਵੀਰ ਸਿੰਘ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ। ਪਾਰਟੀ ਦੀਆ ਨੀਤੀਆ ਨੂੰ ਘਰ ਘਰ ਪਹੁੰਚਾਉਣ ਲਈ ਸ਼ੁਭਕਾਮਨਾਵਾ ਦਿੱਤੀਆ ਇਸ ਮੋਕੇ ਰਵਿੰਦਰ ਹੰਸ ਜਨਰਲ ਸੈਕਟਰੀ ਪੰਜਾਬ ਮਾਝਾ ਜੋਨ, ਸੁਖਚੈਨ ਸਿੰਘ ਜਿਲਾ ਪ੍ਰਧਾਨ ਐੱਸਸੀ ਵਿੰਗ ਅੰਮ੍ਰਿਤਸਰ ਦਿਹਾਤੀ, ਸਰਪੰਚ ਹਰਜਿੰਦਰ ਸਿੰਘ ਐਸਸੀ ਵਿੰਗ ਹਲਕਾ ਬਾਬਾ ਬਕਾਲਾ ਕੁਆਰਡੀਨੇਟਰ, ਮਨਜੀਤ ਸਿੰਘ ਹਲਕਾ ਕੁਆਡੀਨੇਪਰ ਜੰਡਿਆਲਾ ਗੁਰੂ ਵੀ ਹਾਜ਼ਰ ਸਨ।

# ਜਲੰਧਰ ਦੇ ਨਾਮੀ ਸ਼ੋਅਰੂਮ 'ਤੇ ਦਿਨ-ਦਿਹਾੜੇ ਫਾਇਰਿੰਗ! ਦੋ ਬਾਈਕ ਸਵਾਰਾਂ ਨੇ ਚਲਾਈਆਂ ਗੋਲੀਆਂ

ਜਲੰਧਰ
ਸਾਂਝੀ ਸੋਚ ਬਿਊਰੋ



ਜਲੰਧਰ ਦੇ ਮਸ਼ਹੂਰ ਬੀਐਮਐਸ ਫੈਸ਼ਨ ਸਟੋਰ 'ਤੇ ਅੱਜ ਦਿਨ-ਦਿਹਾੜੇ ਫਾਇਰਿੰਗ ਹੋਣ ਨਾਲ ਹੜਕੰਪ ਮਚ ਗਿਆ। 2 ਬਾਈਕ ਸਵਾਰਾਂ ਨੇ ਸ਼ਾਪਿੰਗ ਸਟੋਰ 'ਤੇ ਗੋਲੀਆਂ ਚਲਾਈਆਂ। ਗੋਲੀਆਂ ਦੁਕਾਨ ਦੇ ਸ਼ੀਸ਼ਿਆਂ 'ਤੇ ਲੱਗੀਆਂ। ਘਟਨਾ ਦਾ ਪਤਾ ਲਗਦਾ ਹੀ ਪੁਲਿਸ ਮੌਕੇ 'ਤੇ ਪੁੱਜੀ ਅਤੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ। ਗੋਲੀਬਾਰੀ ਦੀ ਘਟਨਾ ਸੀਸੀਟੀਵੀ ਕੈਮਰੇ ਚ ਕੈਦ ਹੋ ਗਈ। ਫੁਟੇਜ ਵਿੱਚ ਸਾਫ ਨਜ਼ਰ ਆਇਆ ਕਿ ਬਾਈਕ ਸਵਾਰ ਦੋ ਨੌਜਵਾਨ ਚਲਦੀ ਬਾਈਕ ਤੋਂ ਗੋਲੀ ਚਲਾ ਕੇ ਫ਼ਰਾਰ ਹੋ ਗਏ। ਇਸ ਘਟਨਾ ਵਿੱਚ ਕਿਸੇ ਜਾਨੀ ਨੁਕਸਾਨ ਦੀ ਖ਼ਬਰ ਨਹੀਂ ਹੈ। ਘਟਨਾ ਵਾਲੀ ਥਾਂ 'ਤੇ ਪਹੁੰਚੇ ਏਡੀਸੀਪੀ ਨੇ ਕਿਹਾ ਕਿ ਉਨ੍ਹਾਂ ਨੂੰ ਦੁਪਹਿਰ ਕਰੀਬ ਸਾਢੇ 3 ਵਜੇ ਕੰਟਰੋਲ ਰੂਮ ਵਿੱਚ ਬੀਐਮਐਸ ਸ਼ੋਰੂਮ 'ਤੇ ਫਾਇਰਿੰਗ ਹੋਣ ਦੀ ਸੂਚਨਾ ਮਿਲੀ ਸੀ। ਜਿਸ ਤੋਂ ਬਾਅਦ ਮੌਕੇ 'ਤੇ ਦੁਕਾਨ ਮਾਲਕ ਕੋਲੋਂ ਪੁੱਛਗਿੱਛ ਕੀਤੀ। ਪਤਾ ਲੱਗਿਆ ਹੈ ਕਿ ਬਾਈਕ ਸਵਾਰਾਂ ਵੱਲੋਂ ਇਸ ਘਟਨਾ ਨੂੰ ਅੰਜਾਮ ਦਿੱਤਾ ਗਿਆ। ਮੌਕੇ ਤੋਂ ਇੱਕ ਖੋਲ ਬਰਾਮਦ ਕਰ ਲਿਆ ਗਿਆ ਅਤੇ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਉੱਥੇ ਹੀ ਧਮਕੀ ਭਰੀ ਕਾਲ ਦੇ ਸਬੰਧ ਵਿੱਚ ਉਨ੍ਹਾਂ ਕਿਹਾ ਕਿ ਦੁਕਾਨਦਾਰ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ ਅਤੇ ਮਾਮਲੇ ਦੀ ਜਾਂਚ ਤੋਂ ਬਾਅਦ ਬਣਦੀ ਕਾਰਵਾਈ ਕੀਤੀ ਜਾਵੇਗੀ।



ਹਰੇ ਟਰੱਕਾਂ ਵਾਲਿਆਂ ਦੇ ਨਾਂਅ ਨਾਲ ਜਾਣੇ ਜਾਂਦੇ

# SMARTWAY EXPRESS INC.



Trucking ਵਿੱਚ ਲੰਬੇ ਸਮੇਂ ਦੇ ਤਜ਼ੁਰਬੇਕਾਰ

**Paul Sahota**

ਓਨਰ ਓਪਰੇਟਰਾਂ ਤੇ ਟੀਮ ਡਰਾਈਵਰਾਂ ਦੀ ਲੋੜ
ਤਜ਼ਰਬਾ ਘੱਟੋ-ਘੱਟ 1 ਸਾਲ
ਇੱਥੇ ਟੀਮ ਡਰਾਈਵਰਾਂ ਨੂੰ 60 ਸੇਂਟ ਅਤੇ ਸੋਲੋ ਡਰਾਇਵਰਾਂ ਨੂੰ 52 ਸੇਂਟ ਪ੍ਰਤੀ ਮੀਲ ਦਿੱਤੇ ਜਾਂਦੇ ਹਨ ਤੇ ਸਾਲ ਦੇ ਆਖੀਰ 'ਚ W-2 ਦਿੱਤਾ ਜਾਂਦਾ ਹੈ

ਜੇਕਰ ਤੁਸੀਂ ਚਾਹੁੰਦੇ ਹੋ ਟਰੱਕ ਖਰੀਦਣਾ ਜਾਂ ਸਾਡੇ ਨਾਲ ਕੰਮ ਕਰਨਾ ਤਾਂ ਅਸੀਂ ਤੁਹਾਡੀ ਪੂਰੀ ਮਦਦ ਕਰਾਂਗੇ

ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਜਾਂ ਕੰਮ ਲਈ ਸਾਨੂੰ ਫੋਨ ਕਰੋ
ਫੋਨ : (559) 653-8130, 774-243-4154

SmartWay Express 3545 Date Avenue Fresno, CA 93725
ਈ-ਮੇਲ: newtrucks@smartwayexp.com

ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ

e-Baba Entertainment App ਨੂੰ Download ਕਰੋ।




ਹੁਣ ਕਿਸੇ ਵੀ Company ਦੇ ਬਣੇ Android TV 'ਚ eBaba App ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣੋ, also eBaba Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।




ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।

# JK TYRE INC

JK TYRE
TOTAL CONTROL

**KTD10-LEAO**
Radial Truck Tire (Long Haul)



295/75R22.5
$2600
With Installation
Singh: 510-766-9382

**JK JETSTEEL JDH**

SPECIAL OFFER !!



DRIVE TIRE
11R22.5-
With Installation
Singh: 510-766-9382

**Firestone FS591**

SPECIAL OFFER !!

STEER TIRE
295/75R22.5
With Installation
Singh: 510-766-9382



11R22.5
With Installation
Singh: 510-766-9382

Sizes available in drive & trailer
295/75/22.5
11r/22.5
11r/24.5
255/70/22.5
315/80/22.5
425/65/22.5

**JETWAY JTH 1**

SPECIAL OFFER !!



TRAILER TIRE
11R22.5-
11R24.5-
With Installation
Singh: 510-766-9382

**JETWAY JTH SD**

SPECIAL OFFER !!



TRAILER TIRE
295/75R22.5-
With Installation
Singh: 510-766-9382

**JK JETSTEEL JDL2**

SPECIAL OFFER !!



DRIVE TIRE
11R22.5-
11R24.5-
295/75R22.5-
With Installation
Singh: 510-766-9382



FALKEN TIRES | GOODYEAR | KELLY TIRES | BARKLEY Feel the difference | PIRELLI
MICHELIN A better way forward | BRIDGESTONE | Firestone | YOKOHAMA
PEARLY | NAMA | TOYO TIRES driven to perform | Continental | DUNLOP TIRES

## S. Singh Cell: (510) 766-9382

2955 N. Wilson Way Stockton , CA 95205


CIS
CALIFORNIA
IMMIGRATION SERVICES
YOUR REGISTERED & BONDED "IMMIGRATION-CONSULTANTS"
FAMILY PETITION
CITIZENSHIP
GREEN CARD PETITION
BUSINESS/VISITOR VISA
STUDENT VISA
CANADA VISA & P.R VARIOUS IMMIGRATION SERVICES
LIVE SCAN SERVICE
FEE $25.00
ROLLING FEE PER LIVE SCAN
NOTARY SERVICES
FEE $10.00
(408)422-8585
(510)573-3666
Fremont Office: 4127 Bay Street, Suite5
Manteca Office: 123 Sycamore Ave, Suite 201-E
www.caials.com
rosy@caials.com

# ਐਨਟੀਏ, ਐਨਸੀਈਆਰਟੀ ਅਤੇ ਸੀਬੀਐਸਈ ਨੂੰ ਅਕਾਦਮਿਕ ਲੀਡਰਸ਼ਿਪ ਦੀ ਲੋੜ ਹੈ, ਨੌਕਰਸ਼ਾਹੀ ਨਿਯੰਤਰਣ ਦੀ ਨਹੀਂ

ਭਾਰਤ ਦੀ ਸਿੱਖਿਆ ਪ੍ਰਣਾਲੀ ਦੁਨੀਆ ਦੀਆਂ ਸਭ ਤੋਂ ਵੱਡੀਆਂ ਪ੍ਰਣਾਲੀਆਂ ਵਿੱਚੋਂ ਇੱਕ ਹੈ। ਕਰੋੜਾਂ ਵਿਦਿਆਰਥੀਆਂ ਦਾ ਭਵਿੱਖ ਉਹਨਾਂ ਸੰਸਥਾਵਾਂ ਨਾਲ ਜੁੜਿਆ ਹੋਇਆ ਹੈ ਜੋ ਪਾਠਕ੍ਰਮ ਤਿਆਰ ਕਰਦੀਆਂ ਹਨ, ਪ੍ਰੀਖਿਆਵਾਂ ਕਰਵਾਉਂਦੀਆਂ ਹਨ ਅਤੇ ਸਿੱਖਿਆ ਦੀ ਦਿਸ਼ਾ ਨਿਰਧਾਰਤ ਕਰਦੀਆਂ ਹਨ। ਨੈਸ਼ਨਲ ਟੈਸਟਿੰਗ ਏਜੰਸੀ (ਐਨਟੀਏ), ਨੈਸ਼ਨਲ ਕੌਂਸਲ ਆਫ ਐਜੂਕੇਸ਼ਨਲ ਰਿਸਰਚ ਐਂਡ ਟ੍ਰੇਨਿੰਗ (ਐਨਸੀਈਆਰਟੀ) ਅਤੇ ਸੈਂਟਰਲ ਬੋਰਡ ਆਫ ਸੈਕੰਡਰੀ ਐਜੂਕੇਸ਼ਨ (ਸੀਬੀਐਸਈ) ਅਜਿਹੀਆਂ ਹੀ ਮਹੱਤਵਪੂਰਨ ਸੰਸਥਾਵਾਂ ਹਨ। ਪਰ ਪਿਛਲੇ ਕੁਝ ਸਾਲਾਂ ਵਿੱਚ ਇਹ ਸਵਾਲ ਬਾਰ-ਬਾਰ ਉੱਠ ਰਿਹਾ ਹੈ ਕਿ ਕੀ ਇਹ ਸੰਸਥਾਵਾਂ ਸੱਚਮੁੱਚ ਅਕਾਦਮਿਕ ਮਾਹਿਰਾਂ ਦੀ ਅਗਵਾਈ ਹੇਠ ਕੰਮ ਕਰ ਰਹੀਆਂ ਹਨ ਜਾਂ ਫਿਰ ਇਹ ਨੌਕਰਸ਼ਾਹੀ ਨਿਯੰਤਰਣ ਦੇ ਅਧੀਨ ਬਣ ਕੇ ਰਹਿ ਗਈਆਂ ਹਨ?

ਸਿੱਖਿਆ ਸਿਰਫ਼ ਪ੍ਰਸ਼ਾਸਨਿਕ ਮਾਮਲਾ ਨਹੀਂ ਹੈ। ਇਹ ਇੱਕ ਬੌਧਿਕ, ਸਮਾਜਿਕ ਅਤੇ ਮਨੁੱਖੀ ਵਿਕਾਸ ਦੀ ਪ੍ਰਕਿਰਿਆ ਹੈ। ਇਸ ਲਈ ਸਿੱਖਿਆ ਸੰਸਥਾਵਾਂ ਨੂੰ ਅਜਿਹੇ ਨੇਤ੍ਰਿਤਵ ਦੀ ਲੋੜ ਹੁੰਦੀ ਹੈ ਜੋ ਸਿੱਖਣ-ਸਿਖਾਉਣ ਦੀਆਂ ਚੁਣੌਤੀਆਂ, ਵਿਦਿਆਰਥੀਆਂ ਦੀਆਂ ਜ਼ਰੂਰਤਾਂ ਅਤੇ ਅਧਿਆਪਕਾਂ ਦੀਆਂ ਸਮੱਸਿਆਵਾਂ ਨੂੰ ਗਹਿਰਾਈ ਨਾਲ ਸਮਝਦਾ ਹੋਵੇ।ਐਨਟੀਏ ਦਾ ਉਦਾਹਰਨ ਸਭ ਤੋਂ ਸਪੱਸ਼ਟ ਹੈ। ਇਹ ਸੰਸਥਾ ਦੇਸ਼ ਦੀਆਂ ਸਭ ਤੋਂ ਮਹੱਤਵਪੂਰਨ ਪ੍ਰਵੇਸ਼ ਪ੍ਰੀਖਿਆਵਾਂ ਜਿਵੇਂ ਨੀਟ, ਜੇਈਈ ਅਤੇ ਕਿਊਈਟੀ ਕਰਵਾਉਂਦੀ ਹੈ। ਇਨ੍ਹਾਂ ਪ੍ਰੀਖਿਆਵਾਂ ਨਾਲ ਲੱਖਾਂ ਵਿਦਿਆਰਥੀਆਂ ਦੇ ਸੁਪਨੇ ਜੁੜੇ ਹੁੰਦੇ ਹਨ। ਜਦੋਂ ਪ੍ਰੀਖਿਆਵਾਂ ਵਿੱਚ ਗੜਬੜ, ਪੇਪਰ ਲੀਕ, ਤਕਨੀਕੀ ਖਾਮੀਆਂ ਜਾਂ ਨਤੀਜਿਆਂ ਸਬੰਧੀ ਵਿਵਾਦ ਸਾਹਮਣੇ ਆਉਂਦੇ ਹਨ ਤਾਂ ਇਹ ਸਿਰਫ਼ ਪ੍ਰਸ਼ਾਸਨਿਕ ਅਸਫਲਤਾ ਨਹੀਂ ਹੁੰਦੀ, ਸਗੋਂ ਵਿਦਿਆਰਥੀਆਂ ਦੇ ਭਵਿੱਖ ਉੱਤੇ ਵੀ ਗੰਭੀਰ ਪ੍ਰਭਾਵ ਪੈਂਦਾ ਹੈ। ਇਸ ਤਰ੍ਹਾਂ ਦੀਆਂ ਚੁਣੌਤੀਆਂ ਨਾਲ ਨਿਪਟਣ ਲਈ ਸਿਰਫ਼ ਪ੍ਰਬੰਧਕੀ ਯੋਗਤਾ ਕਾਫ਼ੀ ਨਹੀਂ, ਸਗੋਂ ਅਕਾਦਮਿਕ ਸੰਵੇਦਨਸ਼ੀਲਤਾ ਅਤੇ ਵਿਦਿਆਰਥੀ-ਕੇਂਦਰਿਤ ਸੋਚ ਦੀ ਵੀ ਲੋੜ ਹੁੰਦੀ ਹੈ।

ਐਨਸੀਈਆਰਟੀ ਦੇਸ਼ ਦੇ ਸਕੂਲੀ ਪਾਠਕ੍ਰਮ ਅਤੇ ਪਾਠ ਪੁਸਤਕਾਂ ਦੀ ਨਿਰਮਾਤਾ ਸੰਸਥਾ ਹੈ। ਇਹ ਸਿਰਫ਼ ਕਿਤਾਬਾਂ ਨਹੀਂ ਲਿਖਦੀ, ਸਗੋਂ ਦੇਸ਼ ਦੀ ਸਿੱਖਿਆ ਦੀ ਦਿਸ਼ਾ ਨਿਰਧਾਰਤ ਕਰਦੀ ਹੈ। ਪਾਠਕ੍ਰਮ ਵਿੱਚ ਕੀ ਸ਼ਾਮਲ ਕੀਤਾ ਜਾਵੇ, ਕੀ ਹਟਾਇਆ ਜਾਵੇ ਅਤੇ ਕਿਵੇਂ ਪੜ੍ਹਾਇਆ ਜਾਵੇ ਇਹ ਫ਼ੈਸਲੇ ਗੰਭੀਰ ਅਕਾਦਮਿਕ ਚਰਚਾ ਅਤੇ ਖੋਜ ਦੀ ਮੰਗ ਕਰਦੇ ਹਨ। ਜੇਕਰ ਇਨ੍ਹਾਂ ਫ਼ੈਸਲਿਆਂ ਵਿੱਚ ਸਿੱਖਿਆ ਵਿਦਵਾਨਾਂ ਦੀ ਬਜਾਏ ਪ੍ਰਸ਼ਾਸਨਿਕ ਸੋਚ ਹਾਵੀ ਹੋ ਜਾਵੇ ਤਾਂ ਸਿੱਖਿਆ ਦੀ ਗੁਣਵੱਤਾ ਪ੍ਰਭਾਵਿਤ ਹੋ ਸਕਦੀ ਹੈ।

ਇਸੇ ਤਰ੍ਹਾਂ ਸੀਬੀਐਸਈ ਦੇਸ਼ ਦੇ ਹਜ਼ਾਰਾਂ ਸਕੂਲਾਂ ਨੂੰ ਪ੍ਰਭਾਵਿਤ ਕਰਦਾ ਹੈ। ਪ੍ਰੀਖਿਆ ਪੱਧਤੀ, ਮੁਲਾਂਕਣ ਪ੍ਰਣਾਲੀ, ਅਧਿਆਪਕ ਸਿਖਲਾਈ ਅਤੇ ਵਿਦਿਆਰਥੀ ਭਲਾਈ ਨਾਲ ਜੁੜੇ ਫ਼ੈਸਲੇ ਸਿਰਫ਼ ਦਫ਼ਤਰੀ ਨੋਟਾਂ ਦੇ ਆਧਾਰ 'ਤੇ ਨਹੀਂ ਲਏ ਜਾ ਸਕਦੇ। ਇਨ੍ਹਾਂ ਲਈ ਅਨੁਭਵੀ ਸਿੱਖਿਆਵਿਦਾਂ, ਮਨੋਵਿਗਿਆਨੀਆਂ ਅਤੇ ਖੋਜਕਰਤਾਵਾਂ ਦੀ ਭਾਗੀਦਾਰੀ ਜ਼ਰੂਰੀ ਹੈ।ਦੁਨੀਆ ਦੇ ਕਈ ਵਿਕਸਤ ਦੇਸ਼ਾਂ ਵਿੱਚ ਸਿੱਖਿਆ ਸੰਸਥਾਵਾਂ ਦੀ ਅਗਵਾਈ ਪ੍ਰਮੁੱਖ ਸਿੱਖਿਆਵਿਦਾਂ, ਖੋਜਕਰਤਾਵਾਂ ਅਤੇ ਅਕਾਦਮਿਕ ਮਾਹਿਰਾਂ ਨੂੰ ਦਿੱਤੀ ਜਾਂਦੀ ਹੈ। ਉਨ੍ਹਾਂ ਦੀ ਚੋਣ ਅਕਾਦਮਿਕ ਯੋਗਤਾ, ਖੋਜ ਕਾਰਜ ਅਤੇ ਸਿੱਖਿਆ ਖੇਤਰ ਵਿੱਚ ਯੋਗਦਾਨ ਦੇ ਆਧਾਰ 'ਤੇ ਹੁੰਦੀ ਹੈ। ਇਸ ਨਾਲ ਨੀਤੀਆਂ ਵਿੱਚ ਸਥਿਰਤਾ, ਵਿਗਿਆਨਕ ਸੋਚ ਅਤੇ ਵਿਦਿਆਰਥੀ-ਕੇਂਦਰਿਤ ਦ੍ਰਿਸ਼ਟੀਕੋਣ ਬਣਿਆ ਰਹਿੰਦਾ ਹੈ।ਭਾਰਤ ਵਿੱਚ ਵੀ ਇਹ ਸਮਾਂ ਆ ਗਿਆ ਹੈ ਕਿ ਸਿੱਖਿਆ ਸੰਸਥਾਵਾਂ ਨੂੰ ਵੱਧ ਤੋਂ ਵੱਧ ਅਕਾਦਮਿਕ ਖੁਦਮੁਖਤਿਆਰੀ ਦਿੱਤੀ ਜਾਵੇ। ਨੌਕਰਸ਼ਾਹੀ ਦੀ ਭੂਮਿਕਾ ਜ਼ਰੂਰ ਮਹੱਤਵਪੂਰਨ ਹੈ, ਪਰ ਉਸਦਾ ਕੰਮ ਸਹਿਯੋਗ ਅਤੇ ਪ੍ਰਬੰਧਨ ਹੋਣਾ ਚਾਹੀਦਾ ਹੈ, ਨਾ ਕਿ ਅਕਾਦਮਿਕ ਫ਼ੈਸਲਿਆਂ ਉੱਤੇ ਪੂਰਾ ਨਿਯੰਤਰਣ। ਸਿੱਖਿਆ ਦੀ ਗੁਣਵੱਤਾ ਉਸ ਵੇਲੇ ਹੀ ਸੁਧਰ ਸਕਦੀ ਹੈ ਜਦੋਂ ਫ਼ੈਸਲੇ ਲੈਣ ਵਾਲੇ ਲੋਕ ਸਿੱਖਿਆ ਦੀ ਜ਼ਮੀਨੀ ਹਕੀਕਤ ਨੂੰ ਸਮਝਣ ਵਾਲੇ ਹੋਣ।ਨਵੀਂ ਰਾਸ਼ਟਰੀ ਸਿੱਖਿਆ ਨੀਤੀ ਨੇ ਵੀ ਨਵੀਨਤਾ, ਖੋਜ ਅਤੇ ਗੁਣਵੱਤਾ ਉੱਤੇ ਜ਼ੋਰ ਦਿੱਤਾ ਹੈ। ਪਰ ਇਨ੍ਹਾਂ ਟੀਚਿਆਂ ਨੂੰ ਹਾਸਲ ਕਰਨ ਲਈ ਸਿਰਫ਼ ਨੀਤੀਆਂ ਬਣਾਉਣਾ ਕਾਫ਼ੀ ਨਹੀਂ। ਲੋੜ ਹੈ ਕਿ ਐਨਟੀਏ, ਐਨਸੀਈਆਰਟੀ ਅਤੇ ਸੀਬੀਐਸਈ ਵਰਗੀਆਂ ਸੰਸਥਾਵਾਂ ਦੀ ਅਗਵਾਈ ਅਜਿਹੇ ਲੋਕਾਂ ਦੇ ਹੱਥਾਂ ਵਿੱਚ ਹੋਵੇ ਜੋ ਸਿੱਖਿਆ ਨੂੰ ਸਿਰਫ਼ ਪ੍ਰਬੰਧਨ ਨਹੀਂ, ਸਗੋਂ ਰਾਸ਼ਟਰ ਨਿਰਮਾਣ ਦਾ ਸਭ ਤੋਂ ਮਹੱਤਵਪੂਰਨ ਸਾਧਨ ਮੰਨਦੇ ਹੋਣ।ਜੇ ਭਾਰਤ ਨੂੰ ਗਿਆਨ-ਆਧਾਰਿਤ ਸਮਾਜ ਅਤੇ ਵਿਸ਼ਵ ਪੱਧਰੀ ਸਿੱਖਿਆ ਪ੍ਰਣਾਲੀ ਵੱਲ ਅੱਗੇ ਵਧਣਾ ਹੈ ਤਾਂ ਸਿੱਖਿਆ ਸੰਸਥਾਵਾਂ ਵਿੱਚ ਅਕਾਦਮਿਕ ਲੀਡਰਸ਼ਿਪ ਨੂੰ ਪ੍ਰਾਥਮਿਕਤਾ ਦੇਣੀ ਹੋਵੇਗੀ। ਸਿੱਖਿਆ ਦਾ ਭਵਿੱਖ ਫ਼ਾਈਲਾਂ ਅਤੇ ਦਫ਼ਤਰਾਂ ਵਿੱਚ ਨਹੀਂ, ਸਗੋਂ ਕਲਾਸਰੂਮਾਂ, ਪ੍ਰਯੋਗਸ਼ਾਲਾਵਾਂ ਅਤੇ ਖੋਜ ਕੇਂਦਰਾਂ ਵਿੱਚ ਤਿਆਰ ਹੁੰਦਾ ਹੈ। ਇਸ ਲਈ ਐਨਟੀਏ, ਐਨਸੀਈਆਰਟੀ ਅਤੇ ਸੀਬੀਐਸਈ ਨੂੰ ਅਕਾਦਮਿਕ ਲੀਡਰਸ਼ਿਪ ਦੀ ਲੋੜ ਹੈ, ਨੌਕਰਸ਼ਾਹੀ ਨਿਯੰਤਰਣ ਦੀ ਨਹੀਂ।



SANJHI SOCH
ਵਿਜੈ ਗਰਗ
ਰਿਟਾਇਰਡ ਪ੍ਰਿੰਸੀਪਲ
ਮਲੋਟ







ATWAL
IMMIGRATION SERVICES
ATWAL
TAX & IMMIGRATION
SERVICES
FAMILY PETITIONS
NATURALIZATION (US CITIZENSHIP)
GREEN CARD RENEW
WORK PERMIT RENEW
AFFIDAVIT OF SUPPORT
INDIAN AND US PASSPORT RENEW
INDIAN VISA
OCI
E-VISA
INDIAN PASSPORT SURRENDER
ਦੇਰ ਨਾ ਕਰੋ, ਹੁਣੇ ਮਿਲੋ TAX ਅਤੇ ਹੋਰ ਵਧੇਰੀਆਂ
IMMIGRATION SERVICES ਲਈ
TONY
ATWAL
ਵਧੇਰੇ ਜਾਣਕਾਰੀ ਤੁਸੀਂ ਲੈ ਸਕਦੇ ਹੋ
iservice1416@gmail.com
ਜਾਂ ਫ਼ਿਰ ਸਾਡੀ WEBSITE
www.atwaltaximmigrationservices.com
ADDRESS 1
119 N Maple Ave, Ste B,Manteca, CA,95336 Manteca
(209) 505-6384
ADDRESS 2
2800 Mitchell Rd,Ste.W,Ceres ,CA 95307, Ceres
(209) 568-9682

GHUMAN
LAW GROUP INC.

# Ghuman Law Group

ਤੁਹਾਡੇ ਲਈ ਲੈ ਕੇ ਆਏ ਨੇ

## AMERICA ਵਿੱਚ BUSINESS ਕਰਨ ਦਾ ਸੁਨਿਹਰੀ ਮੌਕਾ !

ਜੇਕਰ ਤੁਸੀਂ Canada, England, Australia, New Zealand, Europe ਜਾਂ ਕਿਸੇ ਹੋਰ ਦੇਸ਼ ਦੇ ਨਾਗਰਿਕ ਹੋ

**ਆਓ E-2 Investor Visa ਰਾਹੀਂ**

ਸਿਰਫ $25,000 ਦੀ ਘੱਟੋ-ਘੱਟ Investment

ਜੇ ਹੋਰ ਵੱਧ invest ਕਰਨਾ ਚਾਹੋ, ਉਹ ਵੀ ਸੰਭਵ





**GHUMAN LAW GROUP**
ਤੁਹਾਡੀ ਕੰਪਨੀ ਸੈੱਟ ਕਰਵਾਉਣ 'ਚ ਪੂਰੀ ਮਦਦ ਕਰੇਗਾ



ਇਮੀਗਰੇਸ਼ਨ ਸਬੰਧੀ ਸਾਰਾ Paperwork ਅਸੀਂ ਕਰਾਂਗੇ

ਪਰਿਵਾਰ ਸਮੇਤ 🇺🇸 ਆਉਣ ਦਾ ਵਧੀਆ ਮੌਕਾ



- 2 ਸਾਲ ਦਾ Work Permit
- Spouse ਨੂੰ ਮਿਲੇਗਾ Open Work Permit
- ਬੱਚਿਆਂ ਲਈ ਸਕੂਲ ਜਾਣ ਦੀ ਇਜਾਜ਼ਤ
- ਹਰ 2 ਸਾਲ ਬਾਅਦ Work Permit Renew ਕਰਵਾ ਸਕਦੇ ਹੋ

ਜਿੰਨਾ ਚਾਹੋ, ਅਮਰੀਕਾ ਵਿੱਚ ਰਹਿ ਕੇ ਆਪਣਾ ਬਿਜ਼ਨਸ ਚਲਾ ਸਕਦੇ ਹੋ

MON - FRI, 9:00 AM - 3:00 PM

+1 (223) 300-0001 | www.ghumanlawgroup.org

2450 VENTURE OAKS WAY, STE 225 SACRAMENTO, CA

Gillson TRUCKING INC

# NOW HIRING

## TRUCK DRIVERS CLASS A CDL

- ✓ Signing Bonus
- ✓ Top pay
- ✓ Mileage Pay
- ✓ Great Benefits
- ✓ Over the Road or Local Routes
- ✓ Reefers and Dry Van Operations
- ✓ No touch freight

### SKILLS

- ✓ Responsible truck driver.
- ✓ Experience with electronic equipment.
- ✓ Ability to travel regularly.
- ✓ Adaptivity and foresight to handle unexpected situations (traffic, weather conditions and roads, etc.)

### RESPONSIBILITIES

- ✓ Safely operating assigned vehicles.
- ✓ The Vehicles are maintained and serviced as needed.
- ✓ Report any vehicle defects for repair.
- ✓ Make safety a priority at all times.
- ✓ Comply with standard federal laws and with company. policies and procedures.

### PAY

- ✓ Average pay: $0.45-$0.60 cents/mile
- ✓ Weekly direct deposits
- ✓ Bonuses for clean inspections
- ✓ High mileage bonuses

### NEWER EQUIPMENT

FREIGHTLINER AND VOLVO 2020 AND PRESENT
RESET PAY AWAY FROM TERMINALS– STOCKTON,. CA AND DAYTON, OHIO

Flexible Home Time | Pet Friendly | Rider Policy

SCAN QR CODE FOR APPLY NOW

HEALTH BENEFITS: Health | Dental | Vision

1801 E Dr. Martin Luther King Jr. Blvd.
Stockton, CA 95205

925-400-9094 ext. 116, ext. 130 and ext. 144

info@teamgillson.com


GET IN TOUCH gillsontrucking company/gillsontrucking www.teamgillson.com

# ਪੀ.ਜੀ.ਆਈ ਜਾਣ ਵਾਲੇ ਮਰੀਜ਼ਾਂ ਲਈ ਪਾਰਕਿੰਗ ਦੀ ਸਮੱਸਿਆ

ਸਿਹਤ ਦਾ ਖਿਆਲ ਰੱਖਣਾ ਬਹੁਤ ਜਰੂਰੀ ਹੈ ਪਰ ਸਾਡਾ ਖਾਣ-ਪੀਣ ਪੁਰਾਤਨ ਰਵਾਇਤ ਤੋਂ ਹਟ ਕੇ ਸ਼ੁਧ ਨਾ ਹੋਣ ਕਾਰਨ ਬਹੁਤ ਸਾਰੀਆਂ ਬਿਮਾਰੀਆਂ ਦਾ ਕਾਰਨ ਬਣਦਾ ਹੈ। ਬੱਚਿਆਂ ਤੋਂ ਲੈ ਕੇ ਬਜ਼ੁਰਗਾਂ ਤੱਕ ਨਵੀਆਂ ਨਵੀਆਂ ਬਿਮਾਰੀਆਂ ਨਾਲ ਪੀੜ੍ਹਤ ਮਰੀਜ਼ ਹਸਪਤਾਲਾਂ , ਡਾਕਟਰਾਂ ਦੇ ਕਲੀਨਿਕਾਂ ਆਦਿ ਵਿੱਚ ਬਹੁਤਾਤ ਵਿੱਚ ਦਿਖਾਈ ਦੇਂਦੇ ਹਨ।ਮੈਂ ਪੀ.ਜੀ.ਆਈ. ਚੰਡੀਗੜ੍ਹ ਤੋਂ ਆਪਣੀ ਕੈਂਸ਼ਰ ਦੀ ਬਿਮਾਰੀ ਦਾ ਇਲਾਜ ਕਰਵਾ ਰਿਹਾ ਹਾਂ ।ਇਥੇ ਭਾਰਤ ਦੇ ਸਾਰੇ ਰਾਜਾਂ ਦੇ ਮਰੀਜ਼ ਇਲਾਜ਼ ਕਰਵਾਉਣ ਆਉਂਦੇ ਹਨ। ਮਰੀਜ਼ਾਂ ਦੀ ਗਿਣਤੀ ਵੱਧਦੀ ਦੇਖ ਪਿਛਲੇ ਸਮੇਂ ਨਵੀਂ ਓ.ਪੀ.ਡੀ. ਮਰੀਜ਼ਾਂ ਨੂੰ ਬੇਹਤਰ ਸੇਵਾਵਾਂ ਦੇਣ ਲਈ ਖੌਲ੍ਹੀ ਗਈ। ਇਥੇ ਵੀ ਮਰੀਜ਼ਾਂ ਦੀ ਲੰਬੀਆਂ ਲਾਈਨਾਂ ਟਰੀਟਮੈਂਟ ਲੈਣ ਲਈ ਦੇਖਣ ਨੂੰ ਮਿਲਦੀਆਂ ਹਨ। ਬਹੁਤੇ ਮਰੀਜ਼ ਕੈਬ ਕਰਕੇ ਜਾਂ ਆਪਣੀ ਗੱਡੀ ਰਾਹੀਂ ਇਥੇ ਆਪਣੇ ਇਲਾਜ਼ ਲਈ ਆਉਂਦੇ ਹਨ ।ਜੋ ਪਬਲਿਕ ਪਾਰਕਿੰਗਾਂ ਬਣੀਆਂ ਹਨ ਸਵੇਰੇ ਹੀ ਉਨ੍ਹਾਂ ਵਿੱਚ ਗੱਡੀ ਖੜ੍ਹਾਉਣ ਲਈ ਕੋਈ ਜਗ੍ਹਾ ਨਹੀਂ ਹੁੰਦੀ , ਬਾਹਰ ਸੜਕ ਕਿਨਾਰੇ ਆਪਣੇ ਰਿਸਕ ਤੇ ਹੀ ਗੱਡੀ ਖੜ੍ਹਾਉਣੀ ਪੈਂਦੀ ਹੈ। ਐਮਰਜੈਂਸੀ ਸਾਹਮਣੇ ਬਣੀ ਪਾਰਕਿੰਗ ਵਿੱਚ ਗੱਡੀ ਖੜ੍ਹਾ ਦੇਣ ਬਾਦ ਉਥੋਂ ਕੱਢਣੀ ਮੁਸਕਲ ਹੋ ਜਾਂਦੀ ਹੈ। ਪਾਰਕਿੰਗ ਸਟਾਫ ਦਾ ਕੋਈ ਤਰਤੀਬ ਵਿੱਚ ਗੱਡੀਆਂ ਨੂੰ ਖੜ੍ਹਵਾਉਣ ਲਈ ਸਟਾਫ ਮੈਂਬਰ ਗਾਈਡ ਨਹੀਂ ਕਰਦਾ , ਕਈ ਵਾਰੀ ਤਾਂ ਜਗ੍ਹਾ ਨਾ ਮਿਲਣ ਤੇ ਵਾਪਸ ਬਾਹਰ ਆਉਣਾ ਪੈਂਦਾ ਹੈ।ਜੇਕਰ ਮਰੀਜ਼ ਆਪ ਗੱਡੀ ਲਿਜਾਂਦਾ ਹੈ ਤਾਂ ਉਸ ਨੂੰ ਗੱਡੀ ਖੜ੍ਹਾਉਣ ‘ਚ ਵੱਧ ਸਮਾਂ ਲੱਗਣ ਤੇ ਡਾਕਟਰ ਨੂੰ ਮਿਲਣ ਦੀ ਵਾਰੀ ਲੇਟ ਹੋ ਜਾਂਦੀ ਹੈ ।ਇਹ ਸਾਰੀ ਜਗ੍ਹਾਂ ਕੱਚੀ ਹੈ, ਇਥੇ ਖਾਣ ਪੀਣ ਦੀਆਂ ਚੀਜ਼ਾਂ ਦੇ ਸੁੱਟਣ ਲਈ ਕੋਈ ਪ੍ਰਬੰਧ ਨਹੀਂ ਸਾਰੀ ਪਾਰਕਿੰਗ ਗੰਦੇ ਫੋਕਟ ਸਮਾਨ ਨਾਲ ਭਰੀ ਹੋਈ ਹੈ, ਮੀਂਹ ਪੈਣ ਤੇ ਅੰਦਰ ਜਾਣਾ ਅਤੇ ਬਾਹਰ ਆਉਣਾ ਬੜ੍ਹਾ ਮੁਸਕਲ ਹੁੰਦਾ ਹੈ ਅਤੇ ਦਰਗੰਧ ਵੀ ਨੱਕ ਨੂੰ ਮਿਲਦੀ ਹੈ।ਪਾਰਕਿੰਗ ਦੀ ਸਫਾਈ ਵੱਲ ਕੋਈ ਧਿਆਨ ਨਹੀਂ।ਕਈ ਕਈ ਦਿਨ ਦੀਆਂ ਖੜ੍ਹੀਆਂ ਗੱਡੀਆਂ ਉੱਪਰ ਮਿੱਟੀ ਜੰਮ ਜਾਂਦੀ ਹੈ ਇਸ ਲਈ ਇਹ ਪਾਰਕਿੰਗ ਲਈ ਸੈਂਡ ਦਾ ਪ੍ਰਬੰਧ ਅਤੇ ਕੱਚੀ ਜਗ੍ਹਾ ਨੂੰ ਪੱਕੀ ਕਰਕੇ ਤਰਤੀਬ ਨਾਲ ਗੱਡੀਆਂ ਖੜ੍ਹਾਉਣ ਦੀ ਵਿਵਸਥਾ ਹੋਣੀ ਚਾਹੀਦੀ ਹੈ। ਨਵੀਂ ਓ.ਪੀ.ਡੀ. ਨੇੜਲੀ ਬਹੁ-ਮੰਜਲੀ ਪਾਰਕਿੰਗ ਅਜੇ ਅਧੂਰੀ ਹੈ, ਉਸ ਦੀਆਂ ਮੰਜ਼ਲਾਂ ਹੋਰ ਵਧਾਈਆਂ ਜਾ ਸਕਦੀਆਂ ਹਨ।ਇਥੇ ਪਾਰਕਿੰਗਾਂ ਦੀ ਫੀਸ ਜਰੂਰ 10 ਰੁਪਏ ਹੈ ਪਰ ਜਦੋਂ ਅਣਜਾਣ ਵੱਧ ਪੈਸੇ ਫੜ੍ਹਾ ਦਿੰਦਾ ਹੈ ਜਿਵੇਂ ਕਈ ਵਾਰੀ ਵੀਹ ਰੁਪਏ ਦੇ ਦਿੱਤੇ ਤਾਂ ਉਹ ਵੀਹ ਹੀ ਰੱਖ ਲੈਂਦੇ ਹਨ।ਗਿਆਰਾਂ ਸੈਕਟਰ ਦੀ ਮਾਰਕੀਟ ਵਿੱਚ ਵੀ ਵਾਹਨਾਂ ਦੀ ਭਰਮਾਰ ਹੁੰਦੀ ਹੈ।ਬਹੁਤ ਸਾਰੇ ਲੋਕ ਇਥੇ ਹੀ ਖਾਲੀ ਜਗ੍ਹਾ ਦੇਖ ਆਪਣਾ ਵਾਹਨ ਖੜ੍ਹਾ ਕਰ ਜਾਂਦੇ ਹਨ।ਸਾਰਾ ਦਿਨ ਇਥੇ ਹੀ ਖੜ੍ਹਾ ਰਹਿੰਦਾ ਹੈ। ਇਸ ਨਾਲ ਦਵਾਈਆਂ ਲੈਣ ਵਾਲਿਆਂ ਨੂੰ ਸੜਕ ਤੇ ਹੀ ਵਾਹਨ ਖੜ੍ਹਾ ਕੇ ਆਉਣਾ ਪੈਂਦਾ ਹੈ, ਇਸ ਤਰ੍ਹਾਂ ਦਵਾਈਆਂ ਲੈਣ ਦੀ ਵੀ ਸਮੱਸਿਆ ਆਉਂਦੀ ਹੈ।ਇਹ ਪਾਰਕਿੰਗ ਦੀ ਘਾਟ ਸਦਕਾ ਹੀ ਹੈ। ਇਥੇ ਫਰੂਟ ਵਾਲੇ, ਚਾਹ ਵਾਲੇ, ਹੋਰ ਵਸਤਾਂ ਵੇਚਣ ਵਾਲੇ ਆਮ ਫੁੱਟ ਪੱਥਾਂ ਉੱਪਰ ਖੜ੍ਹੇ ਨਜ਼ਰ ਆਉਂਦੇ, ਖਾਣ ਵਾਲੀਆਂ ਵਸਤਾਂ ਨੰਗੀਆਂ ਰੱਖੀਆਂ ਹੁੰਦੀਆਂ ਹਨ ਜੋ ਲੋਕ ਆਪਣੇ ਮਰੀਜ਼ਾਂ ਲਈ ਖਰੀਦ ਕੇ ਲੈ ਜਾਂਦੇ ਹਨ।ਫੁੱਟ-ਪੱਥਾਂ ਦੀਆਂ ਟਾਈਲਾਂ ਵੀ ਉੱਖੜੀਆਂ ਹੋਈਆਂ ਹਨ, ਇੱਧਰ ਵੀ ਪ੍ਰਸਾਸ਼ਨ ਦਾ ਧਿਆਨ ਨਹੀਂ। ਪੀ.ਜੀ.ਆਈ. ਅੰਦਰ ਫਰੂਟ ਅਤੇ ਹੋਰ ਖਾਣ ਪੀਣ ਦੀਆਂ ਦੁਕਾਨਾਂ ਵੀ ਪਰਾਪਰ ਜਗ੍ਹਾ ਤੇ ਹੋਣੀਆਂ ਚਾਹੀਦੀਆਂ ਹਨ। ਸਿਹਤ ਵਿਭਾਗ ਅਤੇ ਪੀ.ਜੀ.ਆਈ. ਦੇ ਡਾਇਰੈਕਟਰ ਵਲੋਂ ਇਸ ਦਾ ਹੱਲ ਕੱਢ ਕੇ ਸਵੱਛ ਖਾਣ ਪੀਣ ਦੀਆਂ ਵਸ਼ਤਾਂ ਇਥੇ ਵੀ ਵਾਹਨਾਂ ਦੀ ਭਰਮਾਰ ਹੁੰਦੀ ਹੈ।ਪੀ.ਜੀ.ਆਈ ਦਾ ਆਲਾ ਦੁਆਲਾ ਸਾਫ ਸੁੱਥਰਾ ਹੋਣਾ ਚਾਹੀਦਾ ਹੈ।ਖਾਣ ਪੀਣ ਦੀਆਂ ਮਿਆਰੀ ਵਸਤਾਂ ਅੰਦਰ ਹੀ ਉਪਲੱਭਦ ਕਰਾਉਣੀਆਂ ਚਾਹੀਦੀਆਂ ਹਨ ਜਿਸ ਨਾਲ ਪੀ.ਜੀ.ਆਈ. ਨੂੰ ਆਮਦਨ ਵੀ ਹੋਵੇਗੀ। ਕਈ ਸੰਸਥਾਵਾਂ ਹਰ ਰੋਜ਼ ਪੀ.ਜੀ.ਆਈ. ਦੇ ਬਾਹਰ ਲੰਗਰ ਦੀ ਸੇਵਾ ਕਰਦੀਆਂ ਹਨ, ਵੱਡੀ ਗਿਣਤੀ ਵਿੱਚ ਲੋਕੀਂ ਲੰਗਰ ਛਕਦੇ ਹਨ ਪਰ ਉਨ੍ਹਾਂ ਦੇ ਬੈਠ ਕੇ ਲੰਗਰ ਛੱਕਣ ਦਾ ਕੋਈ ਪ੍ਰਬੰਧ ਨਹੀਂ, ਸੋ ਉਨ੍ਹਾਂ ਦੇ ਬੈਠਣ ਲਈ ਜਗ੍ਹਾ ਵੀ ਹੋਣੀ ਚਾਹੀਦੀ ਹੈ ਤਾਂ ਕਿ ਸਫਾਈ ਦਾ ਵੀ ਖਿਆਲ ਰੱਖਿਆ ਜਾ ਸਕੇ। ਸੋ ਚੰਡੀਗੜ੍ਹ ਦੇ ਮੁੱਖ ਪ੍ਰਸਾਸਕ ਨੂੰ ਇਨ੍ਹਾਂ ਸਮੱਸਿਆਵਾਂ ਵੱਲ ਉਚੇਚਾ ਧਿਆਨ ਦੇਣਾ ਚਾਹੀਦਾ ਹੈ।



SANJHI SOCH
ਮੇਜਰ ਸਿੰਘ ਨਾਭਾ
946355962








Arrested ?
DUI ?
Drug Charges ?
Gun Violation ?
Ghuman Law Group
GLG
Get the Legal Defence you Deserve.
Why Choose Us?
Trusted Legal Experts
Personalized Strategies
Proven Track Record
Criminal Defence Law
• DUI / DWI Defense
• Drug Charges
• Domestic Violence Defense
• Assault & Battery Defense
• Theft / Fraud / Financial Crimes
• Probation Violations
Contact Us
info@ghumanlawgroup.com
ghumanlawgroup.org
+1 228-200-0001


RED CHILLI INDIAN
FOOD TRUCK
ਹਰ ਤਰ੍ਹਾਂ ਦੇ ਇੰਡੀਅਨ STARTERS ਤੇ MAIN COURSE
VEG | NON -VEG
ਸਵਾਦਿਸ਼ਟ ਖਾਣਾ, ਵਾਜਬ ਰੇਟਾਂ 'ਤੇ
BOOK US FOR
WEDDINGS
BIRTHDAY PARTIES
CORPORATE EVENTS
BACKYARD PARTIES
RED CHILLI INDIAN
FOOD TRUCK
ਸਾਡਾ ਟਰੱਕ
99 highway ਤੋਂ
Lander Avenue ਤੇ
ਨਿਕਲ ਕੇ ਲੱਗਦੇ ਸਾਰ ਹੀ
ਖੱਬੇ ਹੱਥ ਹੈ
RED CHILLI INDIAN FOOD TRUCK
ਅਸੀ ਟਿਫਨ ਸਰਵਿਸ ਵੀ ਦਿੰਦੇ ਹਾਂ
DELIVERY Available
Call TO Order : (209) 216-8169
A Kaur 2340 Lander Ave Turlock, CA 95280


SUNSHINE AUTO CARE INC
WE REPAIR ALL"
AUTO • DIESEL TRUCKS • TRAILERS
All Makes & Models
FULL SERVICE AUTO & DIESEL REPAIR
Engine Diagnostics
Brake Service
Engine Diagnostics
Brake Service
Suspension & Steering
Diesel Truck Repair
Trailer Repair
Reliable • Professional • Fast Service
1003 MOFFAT BLVD.• MANTECA, CA 95336
209-239-1551



ਨਵਦੀਪ ਸਿੰਘ ਭੁਨੀਰ
ਪੰਜਾਬੀ ਮਾਸਟਰ
ਸਰਕਾਰੀ ਸਕੰਡਰੀ ਸਕੂਲ
ਭੰਡੂਕੇ ਮਾਨਸਾ
+919876968193

# ਕਣ ਕਣ ਵਿੱਚ ਕੁਦਰਤ
# ਮਨੁੱਖ ਅਤੇ ਪ੍ਰਕਿਰਤੀ ਦਾ ਅਟੁੱਟ ਰਿਸ਼ਤਾ

"ਮਨੁੱਖ ਇਤਿਹਾਸ ਦਾ ਸ਼ਾਇਦ ਪਹਿਲਾ ਜੀਵ ਹੈ ਜੋ ਆਪਣੇ ਹੀ ਘਰ ਨੂੰ ਉਜਾੜ ਕੇ ਵਿਕਾਸ ਦਾ ਜਸ਼ਨ ਮਨਾ ਰਿਹਾ ਹੈ।"

ਕੁਦਰਤ ਸਿਰਫ਼ ਸਾਡੇ ਆਲੇ-ਦੁਆਲੇ ਫੈਲੀ ਹਰਿਆਵਲ, ਪਹਾੜਾਂ, ਦਰਿਆਵਾਂ, ਜੰਗਲਾਂ ਜਾਂ ਪੰਛੀਆਂ ਦਾ ਹੀ ਨਾਮ ਨਹੀਂ। ਇਹ ਤਾਂ ਜੀਵਨ ਦਾ ਉਹ ਤਾਣਾ-ਬਾਣਾ ਹੈ ਜਿਸ ਨਾਲ ਧਰਤੀ ਉੱਤੇ ਵੱਸਦਾ ਹਰ ਜੀਵ ਜੁੜਿਆ ਹੋਇਆ ਹੈ। ਸੱਚ ਤਾਂ ਇਹ ਹੈ ਕਿ ਕੁਦਰਤ ਕਣ ਕਣ ਵਿੱਚ ਵੱਸਦੀ ਹੈ, ਹਵਾ ਦੇ ਹਰ ਬੁੱਲੇ ਵਿੱਚ, ਪਾਣੀ ਦੀ ਹਰ ਬੂੰਦ ਵਿੱਚ, ਮਿੱਟੀ ਦੀ ਹਰ ਜ਼ਰੇ ਵਿੱਚ ਅਤੇ ਮਨੁੱਖ ਦੇ ਹਰ ਸਾਹ ਵਿੱਚ। ਮਨੁੱਖ ਅਤੇ ਪ੍ਰਕਿਰਤੀ ਦਾ ਰਿਸ਼ਤਾ ਮਾਲਕ ਅਤੇ ਗੁਲਾਮ ਦਾ ਨਹੀਂ, ਸਗੋਂ ਮਾਂ ਅਤੇ ਬੱਚੇ ਦਾ ਹੈ।

ਜਦੋਂ ਸਵੇਰ ਦੀ ਪਹਿਲੀ ਕਿਰਨ ਧਰਤੀ ਦੇ ਮੱਥੇ ਨੂੰ ਚੁੰਮਦੀ ਹੈ, ਜਦੋਂ ਕਿਸੇ ਰੁੱਖ ਦੀ ਛਾਂ ਹੇਠ ਬੈਠ ਕੇ ਥੱਕਿਆ ਹੋਇਆ ਜਿਸਮ ਸੁਕੂਨ ਮਹਿਸੂਸ ਕਰਦਾ ਹੈ, ਜਦੋਂ ਮੀਂਹ ਦੀਆਂ ਪਹਿਲੀਆਂ ਬੂੰਦਾਂ ਮਿੱਟੀ ਦੀ ਖੁਸ਼ਬੂ ਬਣ ਕੇ ਦਿਲੋ ਦਿਮਾਗ ਨੂੰ ਮੁਅੱਤਰ ਕਰਦੀਆ ਹਨ, ਉਦੋਂ ਅਸੀਂ ਕੁਦਰਤ ਦੀ ਮੌਜੂਦਗੀ ਨੂੰ ਆਪਣੇ ਅੰਦਰ ਤੱਕ ਮਹਿਸੂਸ ਕਰਦੇ ਹਾਂ। ਪਰ ਅਫ਼ਸੋਸ! ਜਿਸ ਕੁਦਰਤ ਨੇ ਸਾਨੂੰ ਜੀਵਨ ਦਿੱਤਾ, ਅੱਜ ਉਹੀ ਸਾਡੇ ਹੱਥਾਂ ਤੋਂ ਜ਼ਖ਼ਮੀ ਹੋ ਰਹੀ ਹੈ।

ਰਿਕਾਰਡ-ਤੋੜ ਗਰਮੀ, ਬਾਰਿਸ਼ ਅਤੇ ਬਦਲਦੇ ਮੌਸਮ ਦੇ ਮਿਜਾਜ਼ ਨੇ ਸਾਨੂੰ ਇਹ ਅਹਿਸਾਸ ਕਰਵਾ ਦਿੱਤਾ ਹੈ ਕਿ ਕੁਦਰਤ ਨਾਲ ਛੇੜਛਾੜ ਦੇ ਨਤੀਜੇ ਕਿੰਨੇ ਭਿਆਨਕ ਹੋ ਸਕਦੇ ਹਨ। ਵਿਕਾਸ ਦੀ ਅੰਨ੍ਹੀ ਦੌੜ ਵਿੱਚ ਅਸੀਂ ਉਸੇ ਟਾਹਣੀ ਨੂੰ ਕੱਟ ਰਹੇ ਹਾਂ ਜਿਸ ਉੱਤੇ ਸਾਡਾ ਆਪਣਾ ਆਸਰਾ ਟਿਕਿਆ ਹੋਇਆ ਹੈ।

ਮਨੁੱਖੀ ਸਭਿਆਚਾਰ ਨੇ ਤਰੱਕੀ ਦੇ ਅਨੇਕ ਕੀਰਤੀਮਾਨ ਸਥਾਪਿਤ ਕੀਤੇ ਹਨ, ਪਰ ਸਵਾਲ ਇਹ ਹੈ ਕਿ ਕੀ ਕੁਦਰਤ ਦੀ ਕੀਮਤ 'ਤੇ ਹੋਣ ਵਾਲੀ ਤਰੱਕੀ ਸੱਚਮੁੱਚ ਤਰੱਕੀ ਕਹੀ ਜਾ ਸਕਦੀ ਹੈ? ਵਾਤਾਵਰਨੀ ਸੰਤੁਲਨ ਲਈ ਧਰਤੀ ਦੇ ਲਗਭਗ 33 ਫ਼ੀਸਦੀ ਹਿੱਸੇ ਉੱਤੇ ਜੰਗਲ ਹੋਣ ਨੂੰ ਆਦਰਸ਼ ਮੰਨਿਆ ਜਾਂਦਾ ਹੈ, ਜਦਕਿ ਪੰਜਾਬ ਵਿੱਚ ਜੰਗਲਾਂ ਦਾ ਰਕਬਾ ਲਗਭਗ 3.67 ਫ਼ੀਸਦੀ ਹੀ ਹੈ। ਪਿੱਪਲ, ਬੋਹੜ, ਨਿੰਮ ਅਤੇ ਟਾਹਲੀ ਵਰਗੇ ਰੁੱਖ, ਜੋ ਕਦੇ ਪੰਜਾਬੀ ਜੀਵਨ ਦਾ ਹਿੱਸਾ ਸਨ, ਅੱਜ ਤੇਜ਼ੀ ਨਾਲ ਘਟ ਰਹੇ ਹਨ। ਦਰੱਖਤਾਂ ਦੀ ਕਟਾਈ ਸਿਰਫ਼ ਹਰਿਆਵਲ ਦਾ ਨਹੀਂ, ਸਗੋਂ ਹਵਾ, ਮਿੱਟੀ, ਪੰਛੀਆਂ ਅਤੇ ਜੈਵ-ਵਿਭਿੰਨਤਾ ਦਾ ਵੀ ਨੁਕਸਾਨ ਹੈ।

ਅੱਜ ਪੰਜਾਬ ਦਾ ਧਰਤੀ ਹੇਠਲਾ ਪਾਣੀ ਸਿਰਫ਼ ਖ਼ਤਮ ਹੀ ਨਹੀਂ ਹੋ ਰਿਹਾ, ਸਗੋਂ ਗੰਭੀਰ ਰੂਪ ਵਿੱਚ ਜ਼ਹਿਰੀਲਾ ਵੀ ਬਣਦਾ ਜਾ ਰਿਹਾ ਹੈ। ਉਦਯੋਗਿਕ ਗੰਦਗੀ, ਰਸਾਇਣਕ ਖਾਦਾਂ ਅਤੇ ਕੀਟਨਾਸ਼ਕਾਂ ਕਾਰਨ ਭੂਜਲ ਵਿੱਚ ਯੂਰੇਨੀਅਮ, ਆਰਸੈਨਿਕ (ਸੰਖੀਆ) ਅਤੇ ਸੀਸਾ (ਲ਼ਇਓਦ) ਵਰਗੀਆਂ ਜਾਨਲੇਵਾ ਭਾਰੀ ਧਾਤਾਂ ਦੀ ਮੌਜੂਦਗੀ ਚਿੰਤਾ ਦਾ ਵਿਸ਼ਾ ਬਣ ਚੁੱਕੀ ਹੈ। ਮਾਲਵੇ ਵਿੱਚ ਯੂਰੇਨੀਅਮ ਨਾਲ ਜੋੜੀਆਂ ਜਾਂਦੀਆਂ ਕੈਂਸਰ ਦੀਆਂ ਵਧਦੀਆਂ ਘਟਨਾਵਾਂ ਅਤੇ ਹੋਰਨਾਂ ਇਲਾਕਿਆਂ ਵਿੱਚ ਆਰਸੈਨਿਕ ਕਾਰਨ ਪੈਦਾ ਹੋ ਰਹੀਆਂ ਗੰਭੀਰ ਸਿਹਤ ਸਮੱਸਿਆਵਾਂ ਇਸ ਖ਼ਤਰੇ ਦੀ ਗੰਭੀਰਤਾ ਨੂੰ ਦਰਸਾਉਂਦੀਆਂ ਹਨ। ਇਹ ਸਿਰਫ਼ ਵਾਤਾਵਰਨ ਦਾ ਮਸਲਾ ਨਹੀਂ, ਸਗੋਂ ਸਾਡੀਆਂ ਆਉਣ ਵਾਲੀਆਂ ਨਸਲਾਂ ਦੀ ਸਿਹਤ ਅਤੇ ਹੋਂਦ ਨਾਲ ਜੁੜਿਆ ਇੱਕ ਵੱਡਾ ਸਵਾਲ ਹੈ।

ਇਸ ਦੀ ਇੱਕ ਜਿਉਂਦੀ-ਜਾਗਦੀ ਉਦਾਹਰਨ ਸਾਡੇ ਆਪਣੇ ਇਲਾਕੇ ਵਿੱਚੋਂ ਵਹਿੰਦਾ ਘੱਗਰ ਦਰਿਆ ਹੈ, ਜਿਸ ਨੂੰ ਸਥਾਨਕ ਭਾਸ਼ਾ ਵਿੱਚ 'ਨਾਲੀ' ਵੀ ਕਿਹਾ ਜਾਂਦਾ ਹੈ। ਸਾਡੇ ਬਜ਼ੁਰਗ ਦੱਸਦੇ ਹਨ ਕਿ ਕਦੇ ਇਸ ਦਾ ਪਾਣੀ ਚਸ਼ਮੇ ਵਾਂਗ ਨਿਰਮਲ ਹੁੰਦਾ ਸੀ ਅਤੇ ਲੋਕ ਇਸ ਨੂੰ ਪੀਣ ਲਈ ਵੀ ਵਰਤਦੇ ਸਨ। ਪਰ ਅੱਜ ਫੈਕਟਰੀਆਂ ਦੇ ਅਣਸੋਧੇ ਜ਼ਹਿਰੀਲੇ ਪਾਣੀ ਅਤੇ ਹੋਰ ਪ੍ਰਦੂਸ਼ਣ ਨੇ ਇਸ ਨੂੰ ਸਲੇਟੀ ਰੰਗ ਦੇ ਗੰਦੇ ਨਾਲੇ ਵਿੱਚ ਬਦਲ ਦਿੱਤਾ ਹੈ। ਇਹ ਹਾਲਤ ਸਿਰਫ਼ ਘੱਗਰ ਦੀ ਨਹੀਂ, ਸਗੋਂ ਉਨ੍ਹਾਂ ਅਨੇਕਾਂ ਜਲ ਸਰੋਤਾਂ ਦੀ ਹੈ ਜੋ ਮਨੁੱਖੀ ਲਾਪਰਵਾਹੀ ਦੀ ਕੀਮਤ ਚੁਕਾ ਰਹੇ ਹਨ।

ਵਾਤਾਵਰਨ ਦੇ ਸੰਤੁਲਨ ਵਿੱਚ ਪੈਦਾ ਹੋ ਰਹੇ ਵਿਗਾੜ ਲਈ ਜਦੋਂ ਵੀ ਜ਼ਿੰਮੇਵਾਰੀਆਂ ਤੈਅ ਕਰਨ ਦੀ ਗੱਲ ਆਉਂਦੀ ਹੈ ਤਾਂ ਉਂਗਲ ਸਭ ਤੋਂ ਪਹਿਲਾਂ ਆਮ ਲੋਕਾਂ ਵੱਲ ਹੀ ਉੱਠਦੀ ਹੈ। ਜਿਵੇਂ ਧਰਤੀ ਉੱਤੇ ਫੈਲੇ ਇਸ ਸਾਰੇ ਪ੍ਰਦੂਸ਼ਣ ਲਈ ਇਕੱਲਾ ਆਮ ਆਦਮੀ ਹੀ ਕਸੂਰਵਾਰ ਹੋਵੇ। ਜਦਕਿ ਇਸ ਸਮੱਸਿਆ ਦੀਆਂ ਜੜ੍ਹਾਂ ਉਤਪਾਦਨ ਪ੍ਰਣਾਲੀ ਅਤੇ ਬਾਜ਼ਾਰ ਦੀਆਂ ਨੀਤੀਆਂ ਵਿੱਚ ਵੀ ਡੂੰਘੀਆਂ ਧਸੀਆਂ ਹੋਈਆਂ ਹਨ। ਅੱਜ ਪੰਜ ਰੁਪਏ ਦੇ ਚਿਪਸ ਤੋਂ ਲੈ ਕੇ ਪਾਣੀ ਦੀਆਂ ਬੋਤਲਾਂ ਅਤੇ ਟੌਫ਼ੀਆਂ ਦੇ ਰੈਪਰਾਂ ਤੱਕ ਹਰ ਚੀਜ਼ ਪਲਾਸਟਿਕ ਪੈਕਿੰਗ ਵਿੱਚ ਵਿਕ ਰਹੀ ਹੈ। ਜਦੋਂ ਬਾਜ਼ਾਰ ਵਿੱਚ ਉਪਲਬਧ ਲਗਭਗ ਹਰ ਚੀਜ਼ ਪਲਾਸਟਿਕ ਵਿੱਚ ਲਪੇਟੀ ਹੋਵੇ, ਤਾਂ ਖਪਤਕਾਰ ਕੋਲ ਵਿਕਲਪ ਹੀ ਕੀ ਰਹਿ ਜਾਂਦਾ ਹੈ? ਇੱਕ ਪਾਸੇ ਲੋਕਾਂ ਨੂੰ ਪਲਾਸਟਿਕ ਦੀ ਵਰਤੋਂ ਘਟਾਉਣ ਦੇ ਸੰਦੇਸ਼ ਦਿੱਤੇ ਜਾਂਦੇ ਹਨ, ਦੂਜੇ ਪਾਸੇ ਕਾਰਪੋਰੇਟਾਂ ਨੂੰ ਹਰ ਰੋਜ਼ ਕਰੋੜਾਂ ਪਲਾਸਟਿਕ ਪੈਕਟ ਬਾਜ਼ਾਰ ਵਿੱਚ ਉਤਾਰਨ ਦੀ ਖੁੱਲ੍ਹ ਹੈ। ਸਰਕਾਰਾਂ ਨੂੰ ਚਾਹੀਦਾ ਹੈ ਕਿ ਪਲਾਸਟਿਕ ਪੈਕਿੰਗ ਵਾਲੀਆਂ ਵਸਤਾਂ 'ਤੇ ਪਾਬੰਦੀ ਲਗਾਵੇ ਜਾਂ ਇਸਦੇ ਟਿਕਾਊ ਬਦਲ ਲੱਭਣੇ ਲਾਜ਼ਮੀ ਕਰੇ।

ਵਾਤਾਵਰਨ ਦੀ ਸੰਭਾਲ ਬਾਰੇ ਸਾਡੀ ਸੋਚ ਅਕਸਰ ਸਿਰਫ਼ ਸਫ਼ਾਈ ਮੁਹਿੰਮਾਂ ਤੱਕ ਹੀ ਸੀਮਤ ਰਹਿ ਜਾਂਦੀ ਹੈ। ਅਸੀਂ ਆਪਣੇ ਘਰ, ਦੁਕਾਨਾਂ ਅਤੇ ਗਲੀਆਂ ਤਾਂ ਸਾਫ਼ ਕਰ ਲੈਂਦੇ ਹਾਂ, ਪਰ ਉਹੀ ਕੂੜਾ ਕਿਸੇ ਖਾਲੀ ਪਲਾਟ, ਸੜਕ ਦੇ ਕਿਨਾਰੇ ਜਾਂ ਪਿੰਡ ਤੋਂ ਬਾਹਰ ਸੁੱਟ ਕੇ ਆਪਣਾ ਫ਼ਰਜ਼ ਪੂਰਾ ਸਮਝ ਲੈਂਦੇ ਹਾਂ। ਨਤੀਜੇ ਵਜੋਂ ਥਾਂ-ਥਾਂ ਕੂੜੇ ਦੇ ਪਹਾੜ ਖੜ੍ਹੇ ਹੋ ਰਹੇ ਹਨ। ਪਿੰਡਾਂ ਵਿੱਚ ਨਾਲੀਆਂ ਦੀ ਸਫ਼ਾਈ ਵੇਲੇ ਕੱਢੀ ਗਈ ਗੰਦਗੀ ਵੀ ਕਈ ਦਿਨ ਗਲੀਆਂ ਵਿੱਚ ਪਈ ਰਹਿੰਦੀ ਹੈ, ਜਿਸ ਨਾਲ ਬਦਬੂ ਫੈਲਦੀ ਹੈ ਅਤੇ ਅੰਤ ਵਿੱਚ ਉਹੀ ਗੰਦਗੀ ਮੁੜ ਨਾਲੀਆਂ ਵਿੱਚ ਚਲੀ ਜਾਂਦੀ ਹੈ।

ਅਸਲ ਵਿੱਚ ਅਸੀਂ ਕੂੜੇ ਦਾ ਨਿਪਟਾਰਾ ਨਹੀਂ ਕਰ ਰਹੇ ਹੁੰਦੇ, ਸਗੋਂ ਉਸ ਦੀ ਥਾਂ ਬਦਲ ਰਹੇ ਹੁੰਦੇ ਹਾਂ। ਇਸ ਸਮੱਸਿਆ ਦੀ ਜੜ੍ਹ ਵਧਦੀ ਖਪਤ ਅਤੇ ਕੂੜੇ ਪ੍ਰਤੀ ਸਾਡੀ ਗਲਤ ਸੋਚ ਹੈ। ਹਰ ਵੇਸਟ ਚੀਜ਼ ਕੂੜਾ ਨਹੀਂ ਹੁੰਦੀ; 'ਵੇਸਟ ਤੋਂ ਬੈਸਟ' ਬਣਾਇਆ ਜਾ ਸਕਦਾ ਹੈ। ਰਸੋਈ ਵਿੱਚੋਂ ਨਿਕਲਣ ਵਾਲੀ ਰਹਿੰਦ-ਖੂੰਹਦ ਤੋਂ ਜੈਵਿਕ ਖਾਦ ਤਿਆਰ ਕੀਤੀ ਜਾ ਸਕਦੀ ਹੈ। ਇਸ ਲਈ ਹੱਲ ਸਿਰਫ਼ ਕੂੜਾ ਚੁੱਕਣ ਵਿੱਚ ਨਹੀਂ, ਸਗੋਂ ਕੂੜਾ ਘਟਾਉਣ, ਉਸ ਦੀ ਛਾਂਟੀ ਕਰਨ ਅਤੇ ਉਸ ਦੀ ਮੁੜ ਵਰਤੋਂ ਯਕੀਨੀ ਬਣਾਉਣ ਵਿੱਚ ਹੈ।

ਰੁੱਖ ਆਪਣੇ ਫਲ ਆਪ ਨਹੀਂ ਖਾਂਦੇ, ਦਰਿਆ ਆਪਣਾ ਪਾਣੀ ਆਪ ਨਹੀਂ ਪੀਂਦੇ। ਕੁਦਰਤ ਨਿਸ਼ਕਾਮ ਸੇਵਾ ਅਤੇ ਸੰਤੁਲਨ ਦਾ ਸੰਦੇਸ਼ ਦਿੰਦੀ ਹੈ। ਇਸ ਸੰਕਟ ਵਿੱਚੋਂ ਨਿਕਲਣ ਲਈ ਸਰਕਾਰੀ ਨੀਤੀਆਂ ਦੇ ਨਾਲ-ਨਾਲ ਸਾਡੀ ਨਿੱਜੀ ਜ਼ਿੰਮੇਵਾਰੀ ਵੀ ਬਣਦੀ ਹੈ। ਬਿਨਾਂ ਲੋੜੋਂ ਪਾਣੀ ਨਾ ਡੋਲ੍ਹਣਾ, ਹਰ ਸਾਲ ਇੱਕ ਰੁੱਖ ਲਗਾਉਣਾ ਅਤੇ ਬਾਜ਼ਾਰੋਂ ਸਾਮਾਨ ਲਿਆਉਣ ਲਈ ਪਲਾਸਟਿਕ ਦੀ ਥਾਂ ਕੱਪੜੇ ਦਾ ਥੈਲਾ ਵਰਤਣਾ, ਡਿਸਪੋਜੇਬਲ ਸਮਾਨ ਦੀ ਘੱਟ ਵਰਤੋ ਕਰਨਾ ਆਦਿ। ਇਹ ਛੋਟੀਆਂ ਆਦਤਾਂ ਵੱਡਾ ਬਦਲਾਅ ਲਿਆ ਸਕਦੀਆਂ ਹਨ।

ਪੰਜਾਬ ਵਿੱਚ ਸੰਤ ਬਲਬੀਰ ਸਿੰਘ ਸੀਚੇਵਾਲ ਵੱਲੋਂ ਕਾਲੀ ਬੇਈਂ ਨੂੰ ਪੁਨਰ ਸੁਰਜੀਤ ਕਰਨ ਦੇ ਯਤਨ ਅਤੇ ਕਈ ਪੰਚਾਇਤਾਂ ਵੱਲੋਂ ਛੱਪੜਾਂ-ਟੋਬਿਆਂ ਦਾ ਪੁਨਰ ਨਿਰਮਾਣ, ਪਿੰਡਾਂ ਸ਼ਹਿਰਾਂ ਵਿੱਚ ਮਿੰਨੀ ਜੰਗਲ ਲਗਾਉਣ ਦੇ ਉਪਰਾਲੇ, ਸਾਬਤ ਕਰਦੇ ਹਨ ਕਿ ਜੇਕਰ ਇੱਛਾ-ਸ਼ਕਤੀ ਹੋਵੇ ਤਾਂ ਹੱਲ ਅਜੇ ਵੀ ਸਾਡੇ ਹੱਥਾਂ ਵਿੱਚ ਹੈ।

ਮੁਕਦੀ ਗੱਲ ਸਵਾਲ ਇਹ ਨਹੀਂ ਕਿ ਅਸੀਂ ਕੁਦਰਤ ਨੂੰ ਕਿੰਨਾ ਬਚਾ ਸਕਦੇ ਹਾਂ; ਸਵਾਲ ਇਹ ਹੈ ਕਿ ਕੁਦਰਤ ਤੋਂ ਬਿਨਾਂ ਅਸੀਂ ਆਪਣੇ ਆਪ ਨੂੰ ਕਿੰਨਾ ਚਿਰ ਬਚਾ ਸਕਾਂਗੇ। ਧਰਤੀ ਨੂੰ ਸਾਡੀ ਲੋੜ ਨਹੀਂ, ਸਾਨੂੰ ਧਰਤੀ ਦੀ ਲੋੜ ਹੈ। ਜੇ ਅਸੀਂ ਅੱਜ ਵੀ ਨਾ ਜਾਗੇ ਤਾਂ ਆਉਣ ਵਾਲੀਆਂ ਪੀੜ੍ਹੀਆਂ ਸਾਨੂੰ ਤਰੱਕੀ ਦੇ ਨਿਰਮਾਤਾ ਨਹੀਂ, ਸਗੋਂ ਕੁਦਰਤੀ ਵਿਰਾਸਤ ਦੇ ਵਿਨਾਸ਼ਕਾਰੀ ਵਜੋਂ ਯਾਦ ਕਰਨਗੀਆਂ।

ਜਦੋਂ ਆਖ਼ਰੀ ਰੁੱਖ ਕੱਟਿਆ ਜਾਵੇਗਾ, ਆਖ਼ਰੀ ਦਰਿਆ ਪ੍ਰਦੂਸ਼ਿਤ ਹੋ ਜਾਵੇਗਾ ਅਤੇ ਆਖ਼ਰੀ ਪੰਛੀ ਦੀ ਚਹਿਕ ਖ਼ਾਮੋਸ਼ ਹੋ ਜਾਵੇਗੀ, ਤਦੋਂ ਮਨੁੱਖ ਨੂੰ ਅਹਿਸਾਸ ਹੋਵੇਗਾ ਕਿ ਪੈਸਾ ਖਾਧਾ ਨਹੀਂ ਜਾ ਸਕਦਾ ਅਤੇ ਨਾ ਹੀ ਕੰਕਰੀਟ ਦੇ ਜੰਗਲਾਂ ਵਿੱਚ ਸਾਹ ਲਿਆ ਜਾ ਸਕਦਾ ਹੈ।

ਆਓ, ਅਸੀਂ ਕੁਦਰਤ ਨੂੰ ਸਿਰਫ਼ ਬਚਾਉਣ ਦੀ ਗੱਲ ਹੀ ਨਾ ਕਰੀਏ ਸਗੋਂ ਕੁਦਰਤ ਨਾਲ ਮੁੜ ਜੁੜਨ ਦੀ ਗੱਲ ਕਰੀਏ। ਕਿਉਂਕਿ ਕੁਦਰਤ ਸਾਡੇ ਘਰ ਦੇ ਬਾਹਰ ਨਹੀਂ, ਸਾਡੇ ਅੰਦਰ ਵੀ ਵੱਸਦੀ ਹੈ। ਇਸ ਦੀ ਰੱਖਿਆ ਕਿਸੇ ਹੋਰ ਉੱਤੇ ਅਹਿਸਾਨ ਨਹੀਂ, ਸਗੋਂ ਆਪਣੀ ਹੀ ਹੋਂਦ ਨੂੰ ਬਚਾਉਣ ਦਾ ਫ਼ਰਜ਼ ਹੈ।




SERVPRO
OF TRACY
Cleaning. Restoration. Construction.
ਅਸੀਂ ਸਾਰੇ ਕੰਮ California ਦੇ Environmental, Restoration Standards ਅਤੇ Insurance Guidlines ਦੀ Compliance ਵਿੱਚ ਕਰਦੇ ਹਾਂ
ਅਸੀਂ Insurance Companies ਦੇ National Account 'ਤੇ ਹਾਂ
ਅੱਗ ਲੱਗਣ, ਪਾਣੀ ਅਤੇ Mold ਨਾਲ ਖ਼ਰਾਬ ਹੋਈ ਇਮਾਰਤ ਅਤੇ ਸਮਾਨ ਦੀ ਸਫ਼ਾਈ ਕਰਦੇ ਹਾਂ | ਨੁਕਸਾਨ ਹੋਈ ਇਮਾਰਤ ਅਤੇ ਸਮਾਨ ਦੀ Insurance ਨੂੰ ਰਿਪੋਰਟ ਕਰਕੇ ਮਾਲਕ ਨੂੰ ਪੈਸੇ ਦਵਾਉਂਦੇ ਹਾਂ
Before
After
• ਪਾਣੀ ਨਾਲ ਨੁਕਸਾਨ ਦੀ ਮੁਰੰਮਤ
• ਕਾਰਪੇਟ ਅਤੇ ਫਰਨੀਚਰ ਸੁਕਾਉਣਾ
• ਛੱਤ ਅਤੇ ਕੰਧਾਂ ਦੀ ਉੱਲੀ (Mold) ਹਟਾਉਣਾ
• Insurance ਕੰਪਨੀ ਨਾਲ ਕਲੇਮ ਦਵਾਉਣ ਵਿੱਚ ਮਦਦ
Before
After
ਅਸੀਂ Mt.House, Tracy, Lathrop, Stockton, Manteca, Ripon, Modesto, Ceres ਅਤੇ Turlock ਤੱਕ ਕੰਮ ਕਰਦੇ ਹਾਂ
2275 N Mac Arthur Dr Tracy, CA 95376
CONTACT FOR MORE INFORMATION
DEEPINDER MAHAL
President
Office (209) 834-0200
Cell (408) 963-7702





RE/MAX EXECUTIVE

ਨਵਾਂ ਜਾਂ ਪੁਰਾਣਾ ਘਰ
ਖਰੀਦਣ ਜਾਂ ਵੇਚਣ ਲਈ
ਅੱਜ ਹੀ ਸੰਪਰਕ ਕਰੋ।

**Kirandeep Kaur**
Realtor ®
CalDRE # 02115235

ਤੁਸੀਂ ਸਾਡੇ ਨਾਲ ਹਿੰਦੀ ਅਤੇ ਪੰਜਾਬੀ
ਭਾਸ਼ਾ 'ਚ ਵੀ ਗੱਲ ਕਰ ਸਕਦੇ ਹੋ।

**Contact : Cell (209) 550-1704**

220 - A Standiford Ave, Modesto, CA 95350, kkaur@mycvre.com

EACH OFFICE IS INDEPENDENTLY OWNED AND OPERATED


Imperial Spice
Resturant Bar & Banquet Hall
Vibrant flavors of
North and South Indian cuisine.
IMPERIAL SPICE
OPEN
10am to 10pm
ਸੋਮਵਾਰ ਤੋਂ ਬੁੱਧਵਾਰ 10am to 3pm
Lunch Buffett
ਸਿਰਫ ਤੇ ਸਿਰਫ
$14.99
SPECIAL
Fish Pakora
$4.99
ਜੇਕਰ ਤੁਸੀਂ $100 ਤੋ ਵੱਧ ਖਰਚਦੇ ਹੋ ਤਾਂ 1 ਪਲੇਟ ਪਾਣੀਪੁਰੀ FREE
OPEN
7 DAYS
A WEEK
ਮੰਗਲਵਾਰ ਨੂੰ ਖਾਸ ਸਪੈਸ਼ਲ Buffet $12.99
ਰਾਤੀ Dinner ਸਮੇਂ 5 ਜਾਂ 5 ਤੋਂ ਵੱਧ ਬੰਦਿਆਂ ਦੇ ਖਾਣਾ ਖਾਣ 'ਤੇ ਹੋਵੇਗਾ 10% discount
ਸਿਰਫ ਮੰਗਲਵਾਰ ਨੂੰ hard liquor ਦੀਆਂ ਕੁਝ items ਦੇ shot ਦੀ ਕੀਮਤ ਹੋਵੇਗੀ ਸਿਰਫ $8
PACKAGE DEALS AVAILABLE
Spacious Banquet Hall
Professional Decoration
DJ & Special Security Available
5000 ਬੰਦਿਆਂ ਤੱਕ ਦੀ Catering ਦਾ ਪ੍ਰਬੰਧ
ਅਸੀਂ ਦੇਸੀ ਘਿਉ ਦੀਆਂ ਹਰ ਤਰ੍ਹਾਂ ਦੀਆਂ ਮਿਠਾਈਆਂ ਵੀ ਬਣਾਉਂਦੇ ਹਾਂ
ਅਤੇ ਵਿਆਹ ਸ਼ਾਦੀਆਂ ਵਾਸਤੇ ਵੱਡੇ ਆਡਰ ਵੀ ਮਿਠਾਈਆਂ ਦੇ ਲੈਂਦੇ ਹਾਂ ।
Sonu (209) 595-8596 Goutam (209) 494-9404
430 W Grant Line Rd Tracy, CA 95376

# ਰੋਂਦੇ ਮਾਪੇ

ਨਸ਼ੇ ਗੱਭਰੂ ਕਰੀ ਜਾਂਦੇ ਨੇ,
ਮਾਪੇ ਰੋਂਦੇ ਰਹਿ ਜਾਂਦੇ ਨੇ
ਪੁੱਤ ਜਵਾਨੀ 'ਚ ਮਰੀ ਜਾਂਦੇ ਨੇ।
ਜਾਤਾਂ-ਪਾਤਾਂ 'ਚ ਕੁਝ ਨਹੀਂ ਰੱਖਿਆ,
ਆਪਸ 'ਚ ਲੜ ਕੇ ਮਰ ਜਾਓਗੇ
ਜੇ ਨਾ ਇਨ੍ਹਾਂ ਦਾ ਖਹਿੜਾ ਛੱਡਿਆ।
ਮਾਂ ਬੋਲੀ ਨੂੰ ਵਿਸਾਰੀ ਜਾਂਦੇ ਨੇ,
ਸ਼ਹਿਦ ਵਰਗੀ ਮਿੱਠੀ ਪੰਜਾਬੀ ਛੱਡ ਕੇ
ਗੱਲਾਂ ਅੰਗਰੇਜ਼ੀ 'ਚ ਮਾਰੀ ਜਾਂਦੇ ਨੇ।
ਧੀਆਂ ਕੁੱਖਾਂ 'ਚ ਮਾਰੀ ਜਾਂਦੇ ਨੇ,
ਧੀਆਂ ਤੋਂ ਸੱਖਣੇ ਘਰ ਕਰਕੇ
ਨੂੰਹਾਂ ਸੋਹਣੀਆਂ ਭਾਲੀ ਜਾਂਦੇ ਨੇ।
ਪੀਜ਼ੇ, ਬਰਗਰ ਖੁਸ਼ ਹੋ ਕੇ ਖਾ ਲਏ ਨੇ,
ਜਦ ਬਣਿਆ ਤੇਜ਼ਾਬ ਢਿੱਡਾਂ 'ਚ
ਡਾਕਟਰਾਂ ਕੋਲ ਜਾ ਡੇਰੇ ਲਾ ਲਏ ਨੇ।
ਸਰਦੀ ਪਿੱਛੋਂ ਗਰਮੀ ਆ ਗਈ ਏ,
ਪਾਣੀ ਮਿਲੇ ਚਾਹੇ ਨਾ ਮਿਲੇ
ਬੋਤਲ ਜੂਸ ਦੀ ਮੂੰਹ ਨੂੰ ਲਾ ਲਈ ਏ।
ਹਰ ਰੁੱਤ ਦਾ ਆਪਣਾ ਰੰਗ ਹੁੰਦਾ ਏ,
ਹੋਰਾਂ ਤੋਂ ਵੱਖਰਾ ਸੋਚਣ ਵਾਲਿਆਂ ਦਾ
ਜਿਉਣ ਦਾ ਵੱਖਰਾ ਢੰਗ ਹੁੰਦਾ ਏ।



SANJHI SOCH
ਮਹਿੰਦਰ ਸਿੰਘ ਮਾਨ
ਸਲੋਹ ਰੋਡ, ਨਵਾਂ ਸ਼ਹਿਰ
99158-03554

# ਅਸਲੀ ਅਮੀਰੀ


"ਅਮੀਰ" ਸ਼ਬਦ ਆਪਣੇ ਆਪ ਵਿੱਚ ਹੀ ਇੱਕ ਵਜ਼ਨਦਾਰ ਸ਼ਬਦ ਹੈ ਜੋ ਕਾਫ਼ੀ ਉੱਚਾ ਰੁਤਬਾ ਰੱਖਦਾ ਹੈ। ਇਸ ਸ਼ਬਦ ਨੂੰ ਬੋਲਦੇ ਸਾਰ ਜਾਂ ਸੁਣਦੇ ਸਾਰ ਹੀ ਇੱਕ ਵੱਖਰਾ ਹੀ ਸ਼ਾਨੋਸ਼ੌਕਤ ਅਤੇ ਸ਼ਾਹੀ ਅੰਦਾਜ਼ ਵਾਲਾ ਦ੍ਰਿਸ਼ ਅੱਖਾਂ ਅੱਗੇ ਘੁੰਮਣ ਲੱਗਦਾ ਹੈ। ਕੋਠੀਆਂ ,ਕਾਰਾਂ,ਧਨ ,ਦੌਲਤ ਸਭ ਇਸ ਸ਼ਬਦ ਦੇ ਸਕੇ ਸਬੰਧੀ ਹਨ ਬਿਲਕੁਲ ਉਸੇ ਤਰ੍ਹਾਂ ਹੀ ਜਿਵੇਂ ਕਿਸੇ ਖਾਨਦਾਨ ਦੇ ਵੱਡੇ ਬਜ਼ੁਰਗ ਦਾ ਨਾਂ ਲੈਂਦਿਆਂ ਹੀ ਉਸ ਦੇ ਪੂਰੇ ਆਰ ਪਰਿਵਾਰ ਦੀ ਤਸਵੀਰ ਅੱਖਾਂ ਸਾਹਮਣੇ ਆ ਜਾਂਦੀ ਹੈ।

ਇਸ ਧਰਤੀ ਉੱਤੇ ਜਿਹੜੇ ਲੋਕ ਧਨ ਦੌਲਤ ਅਤੇ ਰੁਤਬੇ ਕਾਰਨ ਅਮੀਰ ਪਾਏ ਜਾਂਦੇ ਹਨ, ਅਕਸਰ ਉਹਨਾਂ ਵਿੱਚੋਂ ਬਹੁਤੇ ਲੋਕ ਬਹੁਤ ਹੀ ਛੋਟੇ ਦਿਲ ਦੇ ਮਾਲਕ ਹੁੰਦੇ ਹਨ। ਉਹਨਾਂ ਦੀ ਨਿਗਾਹ ਵਿੱਚ ਆਮ ਜਿਹੇ ਲੋਕ "ਐਵੇਂ" ਹੀ ਹੁੰਦੇ ਹਨ। ਉਹਨਾਂ ਲੋਕਾਂ ਨੂੰ ਆਮ ਜਿਹੇ ਲੋਕਾਂ ਨਾਲ ਗੱਲਬਾਤ ਕਰਦਿਆਂ ਬੜਾ ਔਖਾ ਔਖਾ ਜਿਹਾ ਮਹਿਸੂਸ ਹੁੰਦਾ ਹੈ,ਕਿਤੇ ਉਹਨਾਂ ਦੀ ਅਮੀਰੀ ਦੇ ਦਾਮਨ ਨੂੰ ਦਾਗ਼ ਹੀ ਨਾ ਲੱਗ ਜਾਵੇ।ਪਰ ਹੁਣ ਸਮੇਂ ਦੇ ਵੇਗ ਨਾਲ ਅਮੀਰੀ ਨੇ ਵੀ ਰਫ਼ਤਾਰ ਫੜ ਲਈ ਹੈ। ਅੱਜ ਕੱਲ੍ਹ ਕਿਸੇ ਕੋਲ ਘਰ ਵਿੱਚ ਚਾਹੇ ਧੇਲਾ ਨਾ ਹੋਵੇ ਪਰ ਆਪਣੇ ਆਪ ਨੂੰ ਅਮੀਰ ਸਾਬਤ ਕਰਨ ਲਈ ਗੱਲਾਂ ਕਰੋੜਾਂ ਦੀਆਂ ਕਰਨਗੇ, ਅੱਜ ਕੱਲ੍ਹ ਕਾਰਾਂ ਹਰ ਘਰ ਖੜੀਆਂ ਹਨ ਚਾਹੇ ਕਿਸ਼ਤ ਤੇ ਕਿਉਂ ਨਾ ਖ੍ਰੀਦਣੀ ਪਵੇ। ਭਾਵੇਂ ਕਿਸ਼ਤ ਭਰਨ ਵੇਲ਼ੇ ਜਾਨ ਨੂੰ ਬਣੀ ਹੋਵੇ।ਪਰ ਗੱਲ ਤਾਂ ਅਮੀਰੀ ਦੀ ਮੋਹਰ ਲਾਉਣ ਦੀ ਹੈ।

ਹੁਣ ਗੱਲ ਅਸਲੀ ਅਮੀਰੀ ਦੀ ਕਰ ਲਈਏ। ਪੁਰਾਣੇ ਲੋਕਾਂ ਕੋਲ ਸੁੱਖ ਸਹੂਲਤਾਂ ਘੱਟ ਸਨ ,ਕੰਮ ਵੀ ਹੱਥੀਂ ਕਰਦੇ ਸਨ, ਸਫ਼ਰ ਵੀ ਪੈਦਲ ਤਹਿ ਕਰਦੇ ਸਨ ਫੇਰ ਵੀ ਖੁਸ਼ ਰਹਿੰਦੇ ਸਨ,ਅਸਲ ਵਿੱਚ ਤਾਂ ਉਹ ਅਸਲੀ ਅਮੀਰੀ ਸੀ। ਅੱਜ ਕੱਲ੍ਹ ਇਹ ਕਿਹੋ ਜਿਹੀ ਅਮੀਰੀ ਆ ਗਈ ਹੈ ਜਿਸ ਵਿੱਚ ਉਸ ਦੇ ਖੁੱਲ੍ਹ ਕੇ ਹੱਸਣ ਤੇ ਵੀ ਉਸ ਨੂੰ ਲੱਗਦਾ ਹੈ ਕਿ ਕਿਤੇ ਉਸ ਦੀ ਸ਼ਾਨ ਵਿੱਚ ਫਰਕ ਨਾ ਪੈ ਜਾਵੇ।ਜੇ ਸੋਚਿਆ ਜਾਵੇ ਤਾਂ ਅਸਲੀ ਅਮੀਰੀ ਦਿਲ ਦੀ ਹੁੰਦੀ ਹੈ,ਅਸਲੀ ਅਮੀਰੀ ਆਪ ਖੁਸ਼ ਰਹਿਕੇ ਦੂਜੇ ਨੂੰ ਖੁਸ਼ ਰੱਖਣ ਦੀ ਹੁੰਦੀ ਹੈ। ਜੋ ਵਿਅਕਤੀ ਥੋੜ੍ਹੇ ਵਿੱਚ ਵੀ ਪ੍ਰਸੰਨ ਦਿਖਾਈ ਦਿੰਦਾ ਹੈ,ਸਮਝੋ ਉਸ ਤੋਂ ਧਨੀ ਵਿਅਕਤੀ ਕੋਈ ਨਹੀਂ ਹੋ ਸਕਦਾ।ਜੋ ਵਿਅਕਤੀ ਸਬਰ ਸੰਤੋਖ ਨਾਲ ਰੋਟੀ ਤੇ ਲੂਣ ਰੱਖ ਕੇ ਖਾਣ ਤੋਂ ਬਾਅਦ ਵੀ ਜ਼ਿੰਦਗੀ ਨੂੰ ਹੱਸਦੇ ਖੇਡਦੇ ਬਸ਼ਰ ਕਰਦਾ ਹੈ ਉਹ ਮਹਿੰਗੇ ਰੈਸਟੋਰੈਂਟਾਂ ਵਿੱਚ ਖਾਣਾ ਖਾਣ ਵਾਲੇ ਉਹਨਾਂ ਅਮੀਰ ਲੋਕਾਂ ਤੋਂ ਕਿਤੇ ਵੱਧ ਅਮੀਰ ਹੁੰਦਾ ਹੈ ਜੋ ਹਰ ਸਮੇਂ ਵਿਖਾਵੇ ਦੀ ਜ਼ਿੰਦਗੀ ਜਿਊਣਾ ਪਸੰਦ ਕਰਦੇ ਹਨ।

ਬਹੁਤੇ ਪਾਠਕਾਂ ਨੇ ਤਾਂ ਇਹ ਕਹਾਣੀ ਸੁਣੀ ਹੀ ਹੋਵੇਗੀ ਕਿ ਇੱਕ ਅਮੀਰ ਘਰ ਦੀ ਨੌਕਰਾਣੀ ਦੀ ਕੁੜੀ ਦਾ ਵਿਆਹ ਸੀ ,ਉਸ ਦੀ ਕੁੜੀ ਨੂੰ ਵਿਆਹ ਵਿੱਚ ਸੂਟ ਖ਼ਰੀਦਣ ਲਈ ਗਈ ਮਾਲਕਣ ਨੇ ਭਾਈ ਨੂੰ ਸਸਤਾ ਅਤੇ ਘਟੀਆ ਜਿਹਾ ਸੂਟ ਦਿਖਾਉਣ ਲਈ ਕਿਹਾ। ਓਧਰ ਨੌਕਰਾਣੀ ਕੱਪੜੇ ਦੀ ਦੁਕਾਨ ਤੇ ਜਾ ਕੇ ਆਪਣੀ ਮਾਲਕਣ ਨੂੰ ਤੋਹਫ਼ਾ ਦੇਣ ਲਈ ਵਧੀਆ ਤੋਂ ਵਧੀਆ ਸੂਟ ਖਰੀਦ ਕੇ ਲਿਆਉਂਦੀ ਹੈ ਕਿਉਂਕਿ ਉਸ ਦੀ ਮਾਲਕਣ ਨੇ ਉਸ ਦੇ ਘਰ ਪਹਿਲੀ ਵਾਰ ਆਉਣਾ ਸੀ। ਇਸ ਕਹਾਣੀ ਤੋਂ ਸਿੱਟਾ ਇਹੀ ਨਿਕਲਦਾ ਹੈ ਕਿ ਦਿਲ ਤੋਂ ਅਮੀਰ ਤਾਂ ਨੌਕਰਾਣੀ ਹੀ ਹੋਈ। ਜਿਹੜਾ ਵਿਅਕਤੀ ਦਿਲ ਦਾ ਅਮੀਰ ਹੋਵੇ ਉਹ ਵਿਅਕਤੀ ਵੀ ਸਦਾ ਖ਼ੁਸ਼ਹਾਲ ਜੀਵਨ ਹੀ ਬਤੀਤ ਕਰਦਾ ਹੈ। ਉਹ ਵਿਅਕਤੀ ਪੈਸੇ ਦੀ ਤੰਗੀ ਵਾਲੀ ਗ਼ਰੀਬੀ ਵੀ ਅਰਾਮ ਨਾਲ ਕੱਟ ਲੈਂਦਾ ਹੈ।

ਅਸਲ ਵਿੱਚ ਜਿਹੜੇ ਲੋਕ ਅਮੀਰੀ ਦਾ ਮਾਪ ਧਨ ਦੌਲਤ ਨਾਲ ਕਰਦੇ ਹਨ ਉਹਨਾਂ ਲੋਕਾਂ ਦੀ ਸੋਚ ਦਾ ਦਾਇਰਾ ਵਿਸ਼ਾਲ ਨਹੀਂ ਹੋ ਸਕਦਾ। ਇਸ ਲਈ ਆਮ ਲੋਕ ਅਮੀਰਾਂ ਦੀ ਚਕਾਚੌਂਧ ਵਾਲੀ ਜ਼ਿੰਦਗੀ ਦੇਖ ਕੇ ਆਪਣੇ ਆਪ ਨੂੰ ਉਹੋ ਜਿਹਾ ਬਣਾਉਣ ਲਈ, ਮਹਿੰਗੀਆਂ ਵਸਤੂਆਂ ਖਰੀਦਣ ਲਈ ਕਰਜ਼ੇ ਚੁੱਕ ਲੈਂਦੇ ਹਨ।ਜਦ ਕਰਜ਼ੇ ਨਾ ਮੋੜੇ ਜਾਣ ਤਾਂ ਟੱਬਰਾਂ ਦੇ ਟੱਬਰ ਆਤਮਹੱਤਿਆ ਵਰਗੀਆਂ ਘਟਨਾਵਾਂ ਨੂੰ ਅੰਜਾਮ ਦੇ ਦਿੰਦੇ ਹਨ। ਸੋਚਿਆ ਜਾਵੇ ਤਾਂ ਦੋ ਘੜੀ ਦੀ ਵਿਖਾਵੇ ਦੀ ਅਮੀਰੀ ਤਾਂ ਮੌਤ ਬਣ ਕੇ ਨਿਗ਼ਲ ਜਾਂਦੀ ਹੈ।ਇਸ ਲਈ ਵਿਸ਼ਾਲ ਹਿਰਦਿਆਂ ਦੇ ਮਾਲਕ ਸਬਰ ਸੰਤੋਖ ਵਾਲੇ ਹਸਮੁੱਖ ਚਿਹਰੇ ਹੀ ਅਸਲੀ ਅਮੀਰ ਮੰਨੇ ਜਾ ਸਕਦੇ ਹਨ।



SANJHI SOCH
ਬਰਜਿੰਦਰ ਕੌਰ ਬਿਸਰਾਓ
99889-01324

LARRY T. NIERMEYER
Attorney at Law




OFFERING SERVICES IN THE FOLLOWING AREAS

1. Divorce/Family law
2. Restraining Orders
3. Criminal Matters
4. Driving Under Influence (DUI)
5. Work Injury/Car Injury
6. Defamation Cases
7. Personal Injury
8. Wrongful Death
9. Civil Litigation





PHONE: (209) 574-9447
1420 F STREET ST_ 2ND FLOOR MODESTO, CA 95354
Email : ltniermeyer@aol.com


Pal Films Production
All Your Photo/Videography &
Post Production needs Under One Roof
PF
Music Video | Pre Shoots | Weddings | Birthdays
Graduations | Stage Shows Or Any Kind Of Events
Customize Photobooks (upto 6 feet)
Video Editing VFX/DI/CC & Much More....
(925) 489-3400, (341) 356-1517
palfilms925@gmail.com
www.thepalfilms.com


web -www.globaldrugtestinginc@gmail.com
email -info@globaltruckpermits.com
ਕੈਲੇਫੋਰਨੀਆ ਅੰਦਰ ਸਾਰੀਆਂ ਸੇਵਾਵਾਂ ਇੱਕੋ ਥਾਂ
GLOBAL TRUCK PERMITS
GLOBAL TRUCK PERMITS
ਦੇ ਜ਼ਰੀਏ ਲੈ ਕੇ ਜਾਉ ਤੁਹਾਡੇ Business ਨੂੰ ਤਰੱਕੀਆਂ ਵੱਲ
ਟ੍ਰੱਕਰ ਵੀਰਾਂ ਵਾਸਤੇ, ਇੱਕ ਹੀ ਛੱਤ ਹੇਠ
New Company Permits
IRP Plates
Trailer Plates
Truck ELD
DOT Drug Testing
DOT Drug Testing | Compliance Services | Driver Hiring
Driver Files | Safety Audit | Clearing House | Driver Management
"ਸਾਡਾ ਇਸ ਕੰਮ ਵਿਚ
19 ਸਾਲ ਦਾ ਤਜਰਬਾ ਹੈ"
ਅੱਜ ਹੀ ਕਾਲ ਕਰੋ :
ਰਾਜਿੰਦਰ ਟਾਂਡਾ
Ph : (209) 636-0880 | Ph : (209) 364-3020 | Cell :(510) 557-6988
Address: 159 Darcy Pkwy Lathrop, CA 95330


ਕਈ ਵੀਰਾਂ ਦੇ
LICENSE CANCEL
ਹੋ ਰਹੇ ਹਨ ਤੇ ਹੁਣ
ਉਹ ਆਪਣਾ ਟਰੱਕ ਵੀ ਨਹੀਂ
ਚਲਾ ਸਕਦੇ।
ਕਿਉਂਕਿ DMV ਕਈ ਲੋਕਾਂ ਦੇ CDL License Cancel ਕਰ ਰਿਹਾ
ਖਾਸ ਕਰਕੇ ਉਹਨਾਂ ਦੇ ਜਿਨ੍ਹਾਂ ਕੋਲ
Green Card ਨਹੀਂ ਹੈ | I-485 Application ਅਜੇ Pending ਹੈ।
Ghuman Law Group ਤੁਹਾਡੇ ਨਾਲ ਹੈ
ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ :
Green Card Case ਨੂੰ ਜਲਦੀ ਹੱਲ ਕਰਨ ਵਿੱਚ
CDL ਅਤੇ ਕੰਮ ਨੂੰ ਬਚਾਉਣ ਲਈ Legal Guidance
Deportation ਜਾਂ Immigration Detention Cases ਵਿੱਚ Legal Advice
Appeals ਅਤੇ Immigration Process ਵਿੱਚ ਸਹਾਇਤਾ
Estate Planning ਰਾਹੀਂ Property ਅਤੇ Assets ਨੂੰ safe ਕਰਨ ਵਿੱਚ ਮਦਦ
ਤੁਹਾਡੇ ਪਰਿਵਾਰ ਦੇ ਭਵਿੱਖ ਨੂੰ Secure ਬਣਾਉਣ ਵਿੱਚ ਸਹਾਇਤਾ
GLG
GHUMAN LAW GROUP
GHUMAN LAW GROUP INC.
Criminal Defense, Family and Immigration Law
Deportation ਜਾਂ Immigration Process ਦੇ ਦੌਰਾਨ ਘਰ, ਨੌਕਰੀ, ਜਾਇਦਾਦ ਤੇ ਮਿਹਨਤ ਦੀ ਕਮਾਈ ਤਕ ਖਤਰੇ ਵਿੱਚ ਪੈ ਸਕਦੇ ਹਨ
ਹੁਣੇ ਸੰਪਰਕ ਕਰੋ : (228) 200-0001 (ਮੁਫ਼ਤ ਸਲਾਹ ਵੀ ਉਪਲਬਧ ਹੈ)
Ghuman Law Group ਤੁਹਾਡੇ ਹੱਕਾਂ ਦੀ ਮਜ਼ਬੂਤ ਆਵਾਜ਼ | ਤੁਹਾਡਾ Legal Partner


Truck Parking Yard
ਟਰੱਕ PARK ਕਰਨ ਲਈ ਇੱਕ ਸੁਰੱਖਿਅਤ ਅਤੇ ਵਿਸ਼ਵਾਸਯੋਗ ਥਾਂ
• ਸਾਡੇ YARD ਨੂੰ LOCK ਵਾਲਾ GATE ਲੱਗਿਆ ਹੋਇਆ ਹੈ
• ਇੱਥੇ 24 ਘੰਟੇ ਸੁਰੱਖਿਆ GUARD ਦੀ ਡਿਊਟੀ ਰਹਿੰਦੀ ਹੈ
• ਸਾਰੇ ਇਲਾਕੇ ਦੀ ਨਿਗਰਾਨੀ ਕੈਮਰਿਆਂ ਰਾਹੀਂ ਹਰ ਵੇਲੇ ਕੀਤੀ ਜਾਂਦੀ ਹੈ
Truck Parking - Only $200 Monthly
Bobtail Parking - Only $100 Monthly
ਸਾਡੇ TRUCK YARD ਦੇ ਅੰਦਰ ਹੀ
ਟਰੱਕ Repair Shop ਅਤੇ TYRE SHOP ਵੀ
ਉਪਲਬਧ ਹੈ।
ਹੋਰ ਜਾਣਕਾਰੀ ਜਾਂ ਬੁਕਿੰਗ ਲਈ ਸੰਪਰਕ ਕਰੋ
Harbans Gill (209) 972-0013
1651 EAST Whitmore Ave, Ceres, CA 95307

# RESIDENTIAL, COMMERCIAL AND SOLAR FARMS

**with Singhsloar High performance Bifacial Smart Panels**

ਅਮਰੀਕਾ ਦੇ ਕਿਸੇ ਵੀ ਹਿੱਸੇ ਆਪਣੇ ਘਰ ਕਾਰੋਬਾਰ ਤੇ ਸੋਲਰ ਸਿਸਟਮ ਲਗਾਉਣ ਲਈ ਸਤਨਾਮ ਸਿੰਘ ਖਾਲਸਾ ਨਾਲ ਅੱਜ ਹੀ ਸੰਪਰਕ ਕਰੋ



## ਬਿਜਲੀ ਦੇ ਬਿੱਲ ਤੋਂ ਹਮੇਸ਼ਾ ਲਈ ਛੁਟਕਾਰਾ

**ਸਿਰ.ਫ ਇਕ ਕਾਲ - ਵੱਡੀ ਬੱਚਤ**

# 510-706-1300

singhsolarusa@gmail.com

WE HAVE THE CHEAPEST FARES TO INDIA

# LEGEND TRAVEL

arc accredited agency
CST # 207524-40



JATINDER SINGH




Special Fares To India From West-coast (us) On Air India Direct Flights

LOWEST AIRFARES FROM USA TO INDIA

★Travel Insurance ★ Great last Minute Deals ★ Offices in India

ਜੇ ਤੁਹਾਨੂੰ ਕਿਤੋਂ ਵੀ ਟਿਕਟ ਨਾ ਮਿਲੇ ਤਾਂ ਸਾਨੂੰ ਇਕ ਵਾਰ ਫੋਨ ਕਰੋ
ਅਸੀਂ ਸਾਰੀਆਂ ਏਅਰਲਾਈਨਜ਼ ਨਾਲ ਕੰਮ ਕਰਦੇ ਹਾਂ।

CALL US (510) 797-9010

USA OFFICE: 2450 PERALTA BLVD., STE 106-108,
FREMONT CA 94536 PH.: 510-797-9010

Website: www.legendamerica.net

Emirates | Cathay Pacific | Asiana Airlines | Jet Airways | China Airlines | British Airways | Singapore Airlines | Lufthansa | ANA

# ਪਬਲਿਕ ਹਿਤ ਵਿਚ ਸੂਚਨਾ

ਜਿੱਥੇ ਜਿੱਥੇ ਵੀ ਇਹ ਅਵਾਜ ਪਹੁੰਚ ਰਹੀ ਹੈ ਮੈਂ ਗੁਰਦੀਪ ਸਿੰਘ ਸੰਧੂ ਹੋਮਿਓਪੈਥਿਕ ਕਨਸਲਟੈਂਟ ਉਮਰ ਦੇ ਪੰਝਤਰਵੇਂ ਸਾਲ ਵਿੱਚ ਮੇਰੀ ਮੈਡੀਕਲ ਪ੍ਰੈਕਟਿਸ ਦੇ ਪੰਜਾਹ ਸਾਲ ਪੂਰੇ ਹੋਣ ਤੇ ਅਤੇ ਇਸ ਵਕਤ ਅਮੈਰਿਕਨ ਇਕੋਨਮੀ ਦੀ ਸਭ ਤੋਂ ਮਾੜੀ ਹਾਲਤ ਹੋਣ ਕਰਕੇ ਇਹ ਐਲਾਨ ਕਰਦਾ ਹਾ ਕਿ ਹਰੇਕ ਬਿਮਾਰ ਜੋ ਕਿਸੇ ਵੀ ਉਮਰ ਵਿੱਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਥੱਕ ਗਏ ਹਨ ਤਾਂ ਕੀਮਤਾਂ ਦੀ ਪ੍ਰਵਾਹ ਕੀਤੇ ਬਿਨਾਂ ਜੋ ਵੀ ਤੁਹਾਡੀ ਜੇਬ ਇਜਾਜ਼ਤ ਦੇਵੇ ਉਹੀ ਦੇ ਕੇ ਇਲਾਜ ਕਰਵਾ ਸਕਦੇ ਹੋ। ਬੱਸ ਇੱਕ ਗੱਲ ਯਾਦ ਰੱਖਣਾ ਕਿ ਮੁਰਗੀ ਨਾ ਮਰੇ ਤੇ ਅੰਡੇ ਮਿਲਦੇ ਰਹਿਣ ਮੇਰੀ ਇਲਾਜ ਕਰਨ ਦੀ ਸਮਰੱਥਾ ਵੀ ਬਣੀ ਰਹੇ ਤੇ ਤੁਹਾਡਾ ਵੀ ਘੱਟ ਖਰਚ ਨਾਲ ਇਲਾਜ ਹੋ ਸਕੇ ।

ਕਾਲ ਕਰ ਸਕਦੇ ਹੋ 408-687-1899

ਮੇਰੇ ਵੱਲੋਂ ਸਿਹਤ ਵਿਗਿਆਨ ਦੀ ਲੜੀਵਾਰ ਸੀਰੀਜ ਸੁਣਨ ਲਈ ਮੇਰਾ ਯੂ ਟਿਊਬ ਚੈਨਲ, **https://youtu.be/-DUhK3cACEU** **SabRangstation.com** ਰੋਜ਼ਾਨਾ ਸ਼ਾਮ 5 ਵਜੇ ਤੋਂ 6 ਵਜੇ ਤੱਕ ਰੇਡੀਓ ਸਭਰੰਗ ਰੇਡੀਓ ਪਰਵਾਜ ਯੂਟਿਊਬ ਅਤੇ ਫੇਸਬੁੱਕ ਉੱਪਰ ਸੋਮਵਾਰ ਰੇਡੀਓ ਪੰਜਾਬ 1310 **AM** ਸ਼ਾਮ 3.35 ਤੋਂ 3.55 ਪੰਜਾਬੀ ਵਿੱਚ 4.35 ਤੋਂ 4.55 ਹਿੰਦੀ ਵਿੱਚ, ਸਾਂਝੀ ਸੋਚ ਟੀਵੀ ਸੋਮਵਾਰ, ਬੁੱਧਵਾਰ ਅਤੇ ਸ਼ੁਕਰਵਾਰ ਪੰਜਾਬੀ ਵਿੱਚ।

# INFORMATION IN PUBLIC INTREST

I, Gurdip S Sandhu Homeopathic consultant at the completion of my 50 years of medical practice and in my 75 year of age and in worst condition of American economy, I declare that any one suffering and tired of any treatment for any disease at any age call for best homeopathic treatment with economical price charges which suites to your pocket but Make sure you take the egg and still the hen survives so that I can continue serving your health needs.

To listen to my health education lecture series, go to https://youtu.be/-DUhK3cACEU, Sabrangstation.com you can listen in cars @ Radio Sabrang and Radio Parwas while driving from 5pm to 6 pm. Facebook, Youtube Radio Punjab 1310 AM tune to 3.35pm to 3.55 pm Daily in Punjabi and 4.35 to 4.55 in Hindi . TV Sanjhi Soch Monday, Wednesday  Friday in Punjabi.


## HOMEOPATHIC NATURAL MEDICINES

**When Tired of All Treatments,**
**For any Disease, at any Age**
**Try Alternative Treatment**

**Safe and Effective Medicines without any Side Effects**



GURDIP S SANDHU




Consultant/Physician
Since 1973
DHMS-Gold Medalist,
BAMS, MDEH
Ex-Prof, Principal &
CMO Medical
Colleges/Hospitals in
India

(408) 687-1899    (925) 587-1148

**Homeopathic Medicine and Notary Consultancy**

9701 SARA ANN CT DUBLIN, CA 94568

PRACTICE UNDER PROVISION OF ACT SB_577 STATE OF CA


ਰੋਜ਼ਮਾਰਰਾ ਦੀ ਜ਼ਰੂਰਤ ਦਾ ਹਰ ਸਾਮਾਨ ਮਿਲੇਗਾ ਇਕ ਹੀ ਜਗਾਹ ਤੇ
Indian & Fijian
Grocery Store
HOURS
10a.m - 8p.m
(209) 486-8233
ਇੱਥੇ ਪੱਗਾਂ, ਜਵੈਲਰੀ, ਧਾਰਮਿਕ ਫੋਟੋਆਂ, ਰੁਮਾਲਾ ਸਾਹਿਬ, ਪੂਜਾ ਦੀ ਸਮੱਗਰੀ, ਦਾਲਾਂ, ਨਮਕੀਨ, ਇੰਡੀਅਨ ਮੇਡ ਸਪੈਸ਼ਲ ਬਿਸਕੁਟ, ਤਾਜ਼ੀਆਂ ਸਬਜ਼ੀਆਂ, ਫਰੋਜ਼ਨ ਸਬਜ਼ੀਆਂ ਤੇ ਨਾਲ ਹੀ ਖਰੀਦਦਾਰੀ ਕਰ ਸਕਦੇ ਹੋ ਇੰਡੀਅਨ,ਪਾਕਿਸਤਾਨੀ ਤੇ ਫਿਜੀਆਨਾ ਗਰੋਸਰੀ
ਤਿਓਹਾਰਾਂ ਵਿੱਚ ਆਪਣੇ ਘਰ ਨੂੰ ਬਿਹਤਰੀਨ ਬਨਾਉਣ ਲਈ ਖਰੀਦ ਸਕਦੇ ਹੋ ਹਰ ਤਰ੍ਹਾਂ ਦੇ ਸਜਾਵਟ ਦਾ ਸਮਾਨ |
Ria Money Transfer
INDIA ਪੈਸੇ ਭੇਜਣ ਲਈ RIA MONEY TRANSFER ਦੀਆਂ ਸੇਵਾਵਾਂ ਤੁਸੀਂ ਸਾਡੇ ਸਟੋਰ ਤੋਂ ਲੈ ਸਕਦੇ ਹੋ
Address : 2015 Yosemite Blvd. Modesto CA
Website : www.indianfijianstore.wixsite.com/my-site-1
@indianfijiangrocery
ਸਾਡੇ ਦੂਜੇ ਸਟੋਰ ਦਾ ਪਤਾ
NAV INDIAN MERCHANDISE GROCERY STORE
3230 MITCHELL ROAD, STE, C, CERES, CA 95307